(iii) ਵਿਸੇਸ਼ ਸਕੱਤਰ/ਵਿੱਤ ਅਤੇ ਯੋਜਨਾ ਮੰਤਰੀ ਨੂੰ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ।

ਸਹੀ/-
ਵਿਸੇਸ਼ ਸਕੱਤਰ ਯੋਜਨਾ

ਪਿੱਠ ਅੰਕਣ ਨੰ: 1/1-ਪਸਪਬ-ਖੋ.ਅ.(ਸ.ਯੋ.)-2010/1534-49 ਮਿਤੀ:19/2/2010

ਇਸ ਦੀ ਇੱਕ ਕਾਪੀ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ :-

(i) ਪ੍ਰਮੁੱਖ ਸਕੱਤਰ ਵਿੱਤ ਵਿਭਾਗ, ਪੰਜਾਬ ਸਰਕਾਰ।
(ii) ਸਮੂਹ ਡਿਪਟੀ ਕਮਿਸ਼ਨਰ-ਕਮ-ਸਕੱਤਰ, ਜ਼ਿਲ੍ਹਾ ਯੋਜਨਾ ਕਮੇਟੀ ।
(iii) ਸਕੱਤਰ ਖਰਚਾ, ਵਿੱਤ ਵਿਭਾਗ, ਪੰਜਾਬ ਸਰਕਾਰ।
(iv) ਸਪੈਸ਼ਲ ਸਕੱਤਰ-ਕਮ-ਡਾਇਰੈਕਟਰ ਬਜਟ, ਵਿੱਤ ਵਿਭਾਗ, ਪੰਜਾਬ।
(v) ਡਾਇਰੈਕਟਰ ਖਜ਼ਾਨਾ ਅਤੇ ਲੇਖਾ, ਵਿੱਤ ਵਿਭਾਗ, ਪੰਜਾਬ।
(vi) ਵਿੱਤ ਵਿਭਾਗ (ਐਫ.ਈ-6 ਸ਼ਾਖਾ)।
(vii) ਮਹਾਂਲੇਖਾਕਾਰ (ਏ.ਐਂਡ ਈ), ਪੰਜਾਬ।
(viii) ਮਹਾਂਲੇਖਾਕਾਰ (ਆਡਿਟ), ਪੰਜਾਬ।
(ix) ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)।
(x) ਰਾਜ ਦੇ ਸਮੂਹ ਉਪ-ਅਰਥ ਅਤੇ ਅੰਕੜਾਂ ਸਲਾਹਕਾਰ।
(xi) ਜ਼ਿਲ੍ਹਿਆਂ ਵਿੱਚ ਸਮੂਹ ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ), ਅੰਦਰੂਨੀ ਆਡਿਟ ਸੰਗਠਨ (ਆਰ) ਆਦਿ।
(xii) ਆਰਥਿਕ ਸਲਾਹਕਾਰ, ਪੰਜਾਬ ਸਰਕਾਰ।
(xiii) ਰਾਜ ਦੇ ਸਮੂਹ ਜ਼ਿਲ੍ਹਾ ਖਜ਼ਾਨਾ ਅਫਸਰ।
(xiv) ਸਮੂਹ ਵਿਭਾਗਾਂ ਦੇ ਮੁੱਖੀ।
(xv) ਡਾਇਰੈਕਟਰ ਸਪੈਸ਼ਲ ਕੰਪੋਨੈਂਟ ਸਬ ਪਲਾਨ, ਸੈਕਟਰ 34, ਚੰਡੀਗੜ੍ਹ।
(xvi) ਸਮੂਹ ਡਾਇਰੈਕਟਰ/ਡਿਪਟੀ ਡਾਇਰੈਕਟਰ, ਪੰਜਾਬ ਰਾਜ ਯੋਜਨਾ ਬੋਰਡ।

ਸਹੀ/-
ਵਿਸੇਸ਼ ਸਕੱਤਰ ਯੋਜਨਾ

ਨੰ: 2/1-ਪਸਪਬ-ਖੋ.ਅ(ਸ.ਯੋ.)-2010/6852

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਵੱਲੋਂ

ਮੁੱਖ ਸਕੱਤਰ,
ਪੰਜਾਬ ਸਰਕਾਰ ।

ਵੱਲ

ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ

ਮਿਤੀ: ਚੰਡੀਗੜ੍ਹ 23/6/2010

ਵਿਸ਼ਾ :- **ਜ਼ਿਲ੍ਹਾ ਯੋਜਨਾ ਕਮੇਟੀਆਂ ਨੂੰ ਕੰਮ-ਕਾਜ ਸਬੰਧੀ ਪੂਰਨ ਸਹਿਯੋਗ ਦੇਣ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ।

2. ਸੰਵਿਧਾਨ ਦੀ 74ਵੀਂ ਸੋਧ ਦੀ ਧਾਰਾ 243 ਜੈਡ ਡੀ ਦੇ ਅਨੁਸਾਰ ਰਾਜ ਦੀਆਂ ਸਮੂਹ ਜ਼ਿਲ੍ਹਾ ਯੋਜਨਾ ਕਮੇਟੀਆਂ ਦਾ ਗਠਨ ਕਰਦੇ ਹੋਏ ਚੇਅਰਕਰਸਨ ਨਿਯੁਕਤ ਕੀਤੇ ਜਾ ਚੁੱਕੇ ਹਨ । ਜ਼ਿਲ੍ਹਾ ਯੋਜਨਾ ਕਮੇਟੀਆਂ ਵੱਲੋਂ ਜ਼ਿਲ੍ਹੇ ਵਿਚ ਵਿਕਾਸ ਦੇ ਕੰਮਾਂ ਨੂੰ ਅਮਲੀ-ਜਾਮਾਂ ਦੇਣ ਲਈ ਮਹਾਂਤਮਾਂ ਗਾਂਧੀ ਰਾਜ ਲੋਕ ਪ੍ਰਸਾਸ਼ਨ ਸੰਸਥਾਨ, ਪੰਜਾਬ ਵਿਚ ਮਿਤੀ 8 ਅਤੇ 9, ਜੂਨ, 2010 ਨੂੰ ਰਾਜ ਦੇ ਸਮੂਹ ਜ਼ਿਲ੍ਹਾ ਯੋਜਨਾ ਕਮੇਟੀਆਂ ਦੇ ਚੇਅਰਪਰਸ਼ਨ ਅਤੇ ਸਬੰਧਤ ਡਿਪਟੀ ਕਮਿਸ਼ਨਰ-ਕਮ-ਸਕੱਤਰ, ਜ਼ਿਲ੍ਹਾ ਯੋਜਨਾ ਕਮੇਟੀ ਦੀ ਕਾਨਫਰੰਸ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਸੀ। ਪ੍ਰੰਤੂ ਵੱਖ-ਵੱਖ ਜ਼ਿਲ੍ਹਾ ਯੋਜਨਾ ਕਮੇਟੀਆਂ ਦੇ ਚੇਅਰਪਰਸਨਾਂ ਵੱਲੋਂ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਮੁੱਖ ਤੌਰ ਤੇ ਇਹ ਦੱਸਿਆ ਗਿਆ ਹੈ ਕਿ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਪੱਧਰ ਤੇ ਤੈਨਾਤ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਜ਼ਿਲ੍ਹਾ ਯੋਜਨਾ ਕਮੇਟੀਆਂ ਨੂੰ ਵਿਕਾਸ ਕਾਰਜਾਂ ਸਬੰਧੀ ਵੱਖ-ਵੱਖ ਸਕੀਮਾਂ/ਪ੍ਰੋਗਰਾਮਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਪੂਰਨ ਸਹਿਯੋਗ ਨਹੀਂ ਦਿੱਤਾ ਜਾਦਾਂ ਅਤੇ ਨਾਂ ਹੀ ਲੋੜੀਦੀ ਸੂਚਨਾਂ ਮੁਹੱਈਆ ਕਰਵਾਈ ਜਾਂਦੀ ਹੈ । ਜਿਸ ਕਰਕੇ ਜ਼ਿਲ੍ਹਾ ਯੋਜਨਾ ਕਮੇਟੀਆਂ ਨੂੰ ਆਪਣਾ ਕੰਮ-ਕਾਜ ਸੰਚਾਰੂ ਅਤੇ ਅਸਰਦਾਰ ਢੰਗ ਨਾਲ ਲਾਗੂ ਕਰਨ ਵਿਚ ਬਹੁਤ ਦਿਕਤ ਪੇਸ਼ ਆ ਰਹੀ ਹੈ। ਜਿਸ ਨੂੰ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ,

ਪੰਜਾਬ ਜੀ ਵੱਲੋਂ ਬਹੁਤ ਹੀ ਗੰਭੀਰਤਾ ਨਾਲ ਲਿਆ ਗਿਆ ਹੈ ਅਤੇ ਇਸ ਸਬੰਧੀ ਤੁਰੰਤ ਲੋੜੀਦੇ ਆਦੇਸ਼ ਜਾਰੀ ਕਰਨ ਦੇ ਹੁਕਮ ਕੀਤੇ ਹਨ ।

3. ਇਸ ਲਈ ਆਪਣੇ ਅਧੀਨ ਵਿਭਾਗਾਂ ਦੇ ਜ਼ਿਲ੍ਹਾ ਪੱਧਰ ਤੇ ਤੈਨਾਤ ਅਧਿਕਾਰੀਆਂ/ਕਰਮਚਾਰੀਆਂ ਨੂੰ ਤੁਰੰਤ ਹਦਾਇਤ ਕੀਤੀ ਜਾਵੇ ਕਿ ਅੱਗੇ ਤੋਂ ਉਹ ਜ਼ਿਲ੍ਹਾ ਯੋਜਨਾ ਕਮੇਟੀਆਂ ਨੂੰ ਵਿਕਾਸ ਕਾਰਜਾਂ ਸਬੰਧੀ ਸਕੀਮਾਂ/ਪ੍ਰੋਗਰਾਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਭਰਪੂਰ ਸਹਿਯੋਗ ਦੇਣਾ ਯਕੀਨੀ ਬਣਾਇਆ ਜਾਵੇ ਅਤੇ ਮੰਗੀ ਜਾਂਦੀ ਲੋੜੀਦੀ ਸੂਚਨਾ ਸਮੇਂ ਸਿਰ ਮੁਹੱਈਆ ਕਰਵਾਈ ਜਾਵੇ ।

ਸਹੀ/-
ਮੁੱਖ ਸਕੱਤਰ

ਪਿੱਠ ਅੰਕਣ ਨੰ: 2/1-ਪਸਪਬ-ਖੋ.ਅ.(ਸ.ਯੋ.)-2010/6853 ਮਿਤੀ: 23/6/2010

ਉਪਰੋਕਤ ਦਾ ਉਤਾਰਾ ਸਮੂਹ ਵਿਭਾਗਾਂ ਦੇ ਮੁੱਖੀ ਅਤੇ ਸਮੂਹ ਡਿਪਟੀ ਕਮਿਸ਼ਨਰ-ਕਮ-ਸਕੱਤਰ, ਜ਼ਿਲ੍ਹਾ ਯੋਜਨਾ ਕਮੇਟੀ ਨੂੰ ਇੰਨ-ਬਿੰਨ ਪਾਲਣਾ ਕਰਨ ਲਈ ਭੇਜਿਆ ਜਾਂਦਾ ਹੈ ।

ਸਹੀ/-
ਮੁੱਖ ਸਕੱਤਰ

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ,

ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ
(ਯੋਜਨਾ ਨਾਲ ਸਬੰਧਤ), ਪੰਜਾਬ।

ਮੀਮੋ ਨੰ: 1/1-ਪਸਪਬ-ਖੋ.ਅ.(ਸ.ਯੋ.)-2010/8338
ਮਿਤੀ: ਚੰਡੀਗੜ੍ਹ 30/8/2010

ਵਿਸ਼ਾ :- ਸਾਲਾਨਾ ਯੋਜਨਾ 2010-11 ਤੋਂ ਜ਼ਿਲ੍ਹਾ ਪੱਧਰੀ ਸਕੀਮਾਂ ਨੂੰ ਲਾਗੂ ਕਰਨ ਬਾਰੇ ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਇਸ ਵਿਭਾਗ ਦੇ ਮੀਮੋ ਨੰ: 1/1-ਪਸਪਬ-ਖੋ.ਅ.(ਸ.ਯੋ.)-2009/10892-911 ਮਿਤੀ: 14/12/09 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2. ਯੋਜਨਾਬੰਦੀ ਵਿਭਾਗ ਵੱਲੋਂ ਆਪਣੇ ਉਪਰੋਕਤ ਪੱਤਰ ਰਾਹੀਂ ਸਾਲ 2010-11 ਤੋਂ ਜ਼ਿਲ੍ਹਾ ਪੱਧਰੀ ਸਕੀਮਾਂ ਨੂੰ ਲਾਗੂ ਕਰਨ ਲਈ ਸਮੂਹ ਪ੍ਰਬੰਧਕੀ ਵਿਭਾਗਾਂ/ਡਿਪਟੀ ਕਮਿਸ਼ਨਰਾਂ ਨੂੰ ਅਗਵਾਹੀ ਲੀਹਾਂ ਜਾਰੀ ਕਰਦੇ ਹੋਏ ਲਿਖਿਆ ਸੀ ਕਿ ਚਾਲੂ ਵਿੱਤੀ ਸਾਲ ਤੋਂ ਸਬੰਧਤ ਪ੍ਰਬੰਧਕੀ ਵਿਭਾਗ ਜ਼ਿਲ੍ਹਾ ਪੱਧਰੀ ਸਕੀਮਾਂ ਨੂੰ ਆਪਣੇ ਪੱਧਰ ਤੇ ਆਪਣੇ ਵਿਭਾਗ ਦੇ ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਰਾਹੀਂ ਲਾਗੂ ਕਰਨਗੇ ।

3. ਹੁਣ ਜ਼ਿਲ੍ਹਾ ਪੱਧਰ ਤੇ ਯੋਜਨਾਬੰਦੀ ਵਿਭਾਗ ਦੇ ਤਾਇਨਾਤ ਉਪ ਅਰਥ ਅਤੇ ਅੰਕੜਾ ਸਲਾਹਕਾਰਾਂ ਨੇ ਇਹ ਧਿਆਨ ਵਿਚ ਲਿਆਂਦਾ ਹੈ ਕਿ ਜ਼ਿਲ੍ਹਾ ਪੱਧਰੀ ਸਕੀਮਾਂ ਨਾਲ ਸਬੰਧਤ ਪ੍ਰਬੰਧਕੀ ਵਿਭਾਗ ਆਪਣੀਆਂ ਜ਼ਿਲ੍ਹਾ ਪੱਧਰੀ ਸਕੀਮਾਂ ਦੀ ਵਿੱਤੀ ਸੈਕਸ਼ਨ ਡਿਪਟੀ ਕਮਿਸ਼ਨਰ ਨੂੰ ਜਾਰੀ ਕਰਦੇ ਹਨ। ਇਸ ਸਬੰਧ ਵਿਚ ਆਪ ਜੀ ਦਾ ਧਿਆਨ ਹਵਾਲੇ ਅਧੀਨ ਅਗਵਾਹੀ ਲੀਹਾਂ ਦੇ ਪੈਰ੍ਹਾ ਨੰ: 6, 7 ਅਤੇ 8 ਵੱਲ ਦਵਾਇਆ ਜਾਂਦਾ ਹੈ ਜਿਨ੍ਹਾਂ ਅਨੁਸਾਰ ਪ੍ਰਬੰਧਕੀ ਵਿਭਾਗ ਆਪਣੀਆਂ ਜ਼ਿਲ੍ਹਾ ਪੱਧਰੀ ਸਕੀਮਾਂ ਤਹਿਤ ਲੋੜ ਅਨੁਸਾਰ/ਨਾਰਮਾਂ ਅਨੁਸਾਰ ਜ਼ਿਲ੍ਹਾਵਾਰ ਫੰਡਾਂ ਦੀ ਵੰਡ ਕਰਨਗੇ। ਜ਼ਿਲ੍ਹਾਵਾਰ ਵੰਡ ਹੋਣ ਉਪਰੰਤ ਸਬੰਧਤ ਪ੍ਰਬੰਧਕੀ ਵਿਭਾਗ

ਵਿੱਤ ਵਿਭਾਗ ਤੋਂ ਲੋੜੀਂਦੀ ਮਨਜ਼ੂਰੀ ਪ੍ਰਾਪਤ ਕਰਕੇ ਸਮੂਹ ਜ਼ਿਲ੍ਹਿਆਂ ਨੂੰ ਫੰਡਾਂ ਦੀ ਸੈਂਕਸ਼ਨ ਜਾਰੀ ਕਰਨਗੇ। ਕਿਉਂਕਿ ਜ਼ਿਲ੍ਹਾ ਯੋਜਨਾ ਕਮੇਟੀਆਂ ਦਾ ਗਠਨ ਹੋ ਚੁੱਕਾ ਹੈ, ਇਸ ਲਈ ਜ਼ਿਲ੍ਹਿਆਂ ਵਿੱਚ ਇਹ ਰਾਸ਼ੀ ਦੀ ਵਰਤੋਂ ਸੰਬੰਧਤ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਜ਼ਿਲ੍ਹਾ ਯੋਜਨਾ ਕਮੇਟੀ ਦੀ ਪ੍ਰਵਾਨਗੀ ਨਾਲ ਕਰਨਗੇ। ਇਸ ਵਿਚ ਜਿਥੇ ਬਣਦਾ ਹੈ ਉਹ ਐਸ.ਸੀ.ਐਸ.ਪੀ. ਦਾ ਹਿੱਸਾ ਵੀ ਮੁਹੱਈਆ ਕਰਨਗੇ ਸਪਸਟ ਹੈ ਕਿ ਉਪ ਅਰਥ ਅਤੇ ਅੰਕੜਾ ਸਲਾਹਕਾਰ ਦੇ ਦਫ਼ਤਰ ਸਿਰਫ ਯੋਜਨਾਬੰਦੀ ਵਿਭਾਗ ਤੋਂ ਇਲਾਵਾ ਹੋਰ ਕਿਸੇ ਵਿਭਾਗ ਦੀ ਨਾ ਤਾਂ ਵਿੱਤੀ ਸੈਕਸ਼ਨ ਜਾਰੀ ਕਰਨਗੇ ਅਤੇ ਨਾਂ ਹੀ ਰਾਸ਼ੀ ਖਜ਼ਾਨੇ ਵਿਚੋਂ ਡਰਾਅ ਕਰਨ ਦਾ ਕਾਰਜ ਕਰਨਗੇ। ਐਪਰ ਜ਼ਿਲ੍ਹਾ ਯੋਜਨਾ ਨੂੰ ਕਨਸੋਲੀਡੇਸ਼ਨ ਕਰਨ ਦੀ ਜਿੰਮੇਵਾਰੀ ਉਪ ਅਰਥ ਅਤੇ ਅੰਕੜਾ ਸਲਾਹਕਾਰ ਦਫ਼ਤਰ ਦੀ ਹੈ ।

4. ਇਸ ਤਰ੍ਹਾਂ ਉਪਰੋਕਤ ਅਨੁਸਾਰ ਸਬੰਧਤ ਪ੍ਰਬੰਧਕੀ ਵਿਭਾਗ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਅੱਗੇ ਤੋਂ ਅਗਵਾਹੀ ਲੀਹਾਂ ਅਨੁਸਾਰ ਜ਼ਿਲ੍ਹਾ ਪੱਧਰੀ ਸਕੀਮਾਂ ਦੀ ਸੈਕਸ਼ਨ ਆਪਣੇ ਵਿਭਾਗ ਨਾਲ ਸਬੰਧਤ ਜ਼ਿਲ੍ਹਾ ਪੱਧਰ ਦੇ ਅਧਿਕਾਰੀ ਨੂੰ ਜਾਰੀ ਕਰਨ ਅਤੇ ਉਤਾਰਾ ਸਬੰਧਤ ਜ਼ਿਲ੍ਹਾ ਯੋਜਨਾ ਕਮੇਟੀ ਨੂੰ ਭੇਜਣ । ਜਿਸ ਉਪਰੰਤ ਅੱਗੇ ਦੀ ਲੋੜੀਦੀ ਕਾਰਵਾਈ ਸਬੰਧਤ ਵਿਭਾਗ ਦੇ ਫੀਲਡ ਅਫ਼ਸਰਾਂ ਵੱਲੋਂ ਕੀਤੀ ਜਾਵੇ ਤਾਂ ਕਿ ਜ਼ਿਲ੍ਹਾ ਯੋਜਨਾ ਸਕੀਮਾਂ ਨੂੰ ਸੂਚਾਰੂ ਢੰਗ ਨਾਲ ਲਾਗੂ ਕੀਤਾ ਜਾ ਸਕੇ ।

ਸਹੀ/-
ਵਧੀਕ ਸਕੱਤਰ ਯੋਜਨਾ

ਪਿੱਠ ਅੰਕਣ ਨੰ: 1/1-ਪਸਪਬ-ਖੋ.ਅ.(ਸ.ਯੋ.)-2010/8339-41 ਮਿਤੀ: 30/8/2010

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

(i) ਰਾਜ ਦੇ ਸਮੂਹ ਚੇਅਰਮੈਨ, ਜ਼ਿਲ੍ਹਾ ਯੋਜਨਾ ਕਮੇਟੀਆਂ।
(ii) ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਨੂੰ ਮਾਨਯੋਗ ਮੁੱਖ-ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ।
(iii) ਵਿਸੇਸ਼ ਕਾਰਜ ਅਫ਼ਸਰ/ਵਿੱਤ ਅਤੇ ਯੋਜਨਾ ਮੰਤਰੀ ਨੂੰ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ।

ਸਹੀ/-
ਵਧੀਕ ਸਕੱਤਰ ਯੋਜਨਾ

ਪਿੱਠ ਅੰਕਣ ਨੰ: 1/1-ਪਸਪਬ-ਖੋ.ਅ.(ਸ.ਯੋ.)-2010/8342-57 ਮਿਤੀ: 30/8/2010

ਇਸ ਦੀ ਇੱਕ ਕਾਪੀ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ :-

(i) ਪ੍ਰਮੁੱਖ ਸਕੱਤਰ ਵਿੱਤ ਵਿਭਾਗ, ਪੰਜਾਬ ਸਰਕਾਰ।
(ii) ਸਮੂਹ ਡਿਪਟੀ ਕਮਿਸ਼ਨਰ-ਕਮ-ਸਕੱਤਰ, ਜ਼ਿਲ੍ਹਾ ਯੋਜਨਾ ਕਮੇਟੀ।
(iii) ਸਕੱਤਰ ਖਰਚਾ, ਵਿੱਤ ਵਿਭਾਗ, ਪੰਜਾਬ ਸਰਕਾਰ।
(iv) ਸਪੈਸ਼ਲ ਸਕੱਤਰ-ਕਮ-ਡਾਇਰੈਕਟਰ ਬਜਟ, ਵਿੱਤ ਵਿਭਾਗ, ਪੰਜਾਬ।
(v) ਡਾਇਰੈਕਟਰ ਖਜ਼ਾਨਾ ਅਤੇ ਲੇਖਾ, ਵਿੱਤ ਵਿਭਾਗ, ਪੰਜਾਬ।
(vi) ਵਿੱਤ ਵਿਭਾਗ (ਐਫ.ਈ-6 ਸ਼ਾਖਾ)।
(vii) ਮਹਾਂਲੇਖਾਕਾਰ (ਏ.ਐਂਡ ਈ), ਪੰਜਾਬ।
(viii) ਮਹਾਂਲੇਖਾਕਾਰ (ਆਡਿਟ), ਪੰਜਾਬ।
(ix) ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)।
(x) ਰਾਜ ਦੇ ਸਮੂਹ ਉਪ-ਅਰਥ ਅਤੇ ਅੰਕੜਾਂ ਸਲਾਹਕਾਰ।
(xi) ਜ਼ਿਲ੍ਹਿਆਂ ਵਿੱਚ ਸਮੂਹ ਡਿਪਟੀ ਕੰਟ੍ਰੋਲਰ (ਵਿੱਤ ਅਤੇ ਲੇਖਾ), ਅੰਦਰੂਨੀ ਆਡਿਟ ਸੰਗਠਨ (ਆਰ) ਆਦਿ।
(xii) ਸਮੂਹ ਵਿਭਾਗਾਂ ਦੇ ਮੁੱਖੀ।
(xiii) ਡਾਇਰੈਕਟਰ ਸਪੈਸ਼ਲ ਕੰਪੋਨੈਂਟ ਸਬ ਪਲਾਨ, ਸੈਕਟਰ 34, ਚੰਡੀਗੜ੍ਹ।
(xiv) ਆਰਥਿਕ ਸਲਾਹਕਾਰ, ਪੰਜਾਬ ਸਰਕਾਰ।
(xv) ਰਾਜ ਦੇ ਸਮੂਹ ਜ਼ਿਲ੍ਹਾ ਖਜ਼ਾਨਾ ਅਫਸਰ।
(xvi) ਸਮੂਹ ਡਾਇਰੈਕਟਰ/ਡਿਪਟੀ ਡਾਇਰੈਕਟਰ, ਪੰਜਾਬ ਰਾਜ ਯੋਜਨਾ ਬੋਰਡ।

ਸਹੀ/-
ਵਧੀਕ ਸਕੱਤਰ ਯੋਜਨਾ

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਡਿਪਟੀ ਕਮਿਸ਼ਨਰ-ਕਮ-ਸਕੱਤਰ,
ਜ਼ਿਲ੍ਹਾ ਯੋਜਨਾ ਕਮੇਟੀ।

ਮੀਮੋ ਨੰ: 1/1-ਪਸਪਬ-ਖੋ.ਅ(ਸ.ਯੋ)-2010/8698
ਮਿਤੀ ਚੰਡੀਗੜ੍ਹ 14 ਸਤੰਬਰ, 2010

ਵਿਸ਼ਾ:- ਕੇਂਦਰੀ ਪ੍ਰਯੋਜਿਕ ਸਕੀਮਾਂ ਅਧੀਨ ਰਾਸ਼ੀ ਜਾਰੀ ਕਰਨ ਬਾਰੇ।

ਜ਼ਿਲ੍ਹਾ ਪੱਧਰੀ ਸਕੀਮਾਂ ਨੂੰ ਲਾਗੂ ਕਰਨ ਦੀਆਂ ਮੌਜੂਦਾ ਹਦਾਇਤਾਂ ਅਨੁਸਾਰ ਇਨ੍ਹਾਂ ਸਕੀਮਾਂ ਤਹਿਤ ਰਾਸ਼ੀ ਦੀ ਵਰਤੋਂ ਸਬੰਧਤ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਵਲੋਂ ਜਿਲ੍ਹਾ ਯੋਜਨਾ ਕਮੇਟੀ ਦੀ ਪ੍ਰਵਾਨਗੀ ਨਾਲ ਕੀਤੀ ਜਾਣੀ ਹੈ। ਕਿਉਂਕਿ ਜ਼ਿਲ੍ਹਾ ਯੋਜਨਾ ਕਮੇਟੀਆਂ ਦੀਆਂ ਮੀਟਿੰਗਾਂ ਹੋਣ ਵਿਚ ਕੁਝ ਸਮਾਂ ਲੱਗ ਸਕਦਾ ਹੈ, ਇਸ ਲਈ ਜ਼ਿਲ੍ਹਿਆਂ ਵਿਚ ਭਾਰਤ ਸਰਕਾਰ ਵਲੋਂ ਕੇਂਦਰੀ ਪ੍ਰਯੋਜਿਕ ਸਕੀਮਾਂ ਤਹਿਤ ਰਲੀਜ਼ ਕੀਤੀ ਰਾਸ਼ੀ ਨੂੰ ਸਮੇਂ-ਸਿਰ ਇਸਤੇਮਾਲ ਕਰਨ ਲਈ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਇਸ ਲਈ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਸਕੀਮਾਂ ਸਬੰਧੀ ਚੇਅਰਮੈਨ, ਜ਼ਿਲ੍ਹਾ ਯੋਜਨਾ ਕਮੇਟੀਆਂ ਤੋਂ ਮਨਜ਼ੂਰੀ ਲੈ ਕੇ ਰਾਸ਼ੀ ਰਲੀਜ਼ ਕਰ ਦਿੱਤੀ ਜਾਇਆ ਕਰੇ ਅਤੇ ਬਾਅਦ ਵਿਚ ਜ਼ਿਲ੍ਹਾ ਯੋਜਨਾ ਕਮੇਟੀਆਂ ਤੋਂ ਕਾਰਜ ਬਾਅਦ ਪ੍ਰਵਾਨਗੀ ਲੈ ਲਈ ਜਾਵੇ ਤਾਂ ਜੋ ਇਹ ਰਾਸ਼ੀ ਸਮੇਂ-ਸਿਰ ਇਸਤੇਮਾਲ ਕੀਤੀ ਜਾ ਸਕੇ ਜੀ।

ਸਹੀ/-
ਵਧੀਕ ਸਕੱਤਰ ਯੋਜਨਾ

ਪਿਠਅੰਕਣ.ਨੰ: 1/1-ਪਸਪਬ-ਖੋ.ਅ(ਸ.ਯੋ)-2010/8699-02 ਮਿਤੀ:14-9-2010

ਉਤਾਰਾ ਹੇਠ ਲਿਖਿਆਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਆਪਣੇ ਵਿਭਾਗਾਂ ਦੇ ਜ਼ਿਲ੍ਹਾ ਪੱਧਰ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਜੀ:-

(1) ਵਿੱਤੀ ਕਮਿਸ਼ਨਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,
(2) ਪ੍ਰਮੁੱਖ ਸਕੱਤਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਭਲਾਈ ਵਿਭਾਗ,
(3) ਪ੍ਰਮੁੱਖ ਸਕੱਤਰ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ,
(4) ਸਕੱਤਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ।

ਸਹੀ/-
ਵਧੀਕ ਸਕੱਤਰ ਯੋਜਨਾ

ਪਿਠਅੰਕਣ.ਨੰ: 1/1-ਪਸਪਬ-ਖੋ.ਅ(ਸ.ਯੋ)-2010/8703 ਮਿਤੀ: 14-9-2010

ਉਤਾਰਾ ਰਾਜ ਦੇ ਸਮੂਹ ਉਪ-ਅਰਥ ਅਤੇ ਅੰਕੜਾ ਸਲਾਹਕਾਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹੀ/-
ਡਾਇਰੈਕਟਰ

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਵੱਲ

ਸਮੂਹ ਉਪ ਅਰਥ ਅਤੇ ਅੰਕੜਾ ਸਲਾਹਕਾਰ ।

ਮੀਮੋ ਨੰ: 2/1-ਪਸਪਬ-ਖੋ.ਅ.(ਸ.ਯੋ.)-2010/9111
ਮਿਤੀ: ਚੰਡੀਗੜ੍ਹ 27/9/2010

ਵਿਸ਼ਾ :- ਯੋਜਨਾਬੰਦੀ ਵਿਭਾਗ ਨਾਲ ਸਬੰਧਤ ਜ਼ਿਲ੍ਹਾ ਪੱਧਰੀ ਪਲਾਨ ਸਕੀਮਾਂ ਅਧੀਨ ਕੀਤੇ ਖਰਚੇ ਵਿਚੋਂ ਐਸ.ਸੀ.ਐਸ.ਪੀ. ਦਾ ਹਿੱਸਾ ਦਰਸਾਉਣ ਬਾਰੇ ।

ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2. ਯੋਜਨਾਬੰਦੀ ਵਿਭਾਗ ਵੱਲੋਂ ਜ਼ਿਲ੍ਹਾ ਪੱਧਰ ਤੇ ਲਾਗੂ ਕੀਤੀਆਂ ਜਾ ਰਹੀਆਂ ਜ਼ਿਲ੍ਹਾ ਪੱਧਰੀ ਪਲਾਨ ਸਕੀਮ ਪੀ.ਐਮ. 18 ਬੰਧਨ ਮੁਕਤ ਫੰਡ ਮੁੱਖ ਮੰਤਰੀ/ਉਪ ਮੁੱਖ ਮੰਤਰੀ/ ਵਿੱਤ ਅਤੇ ਯੋਜਨਾ ਮੰਤਰੀ ਅਤੇ ਪਲਾਨ ਸਕੀਮ ਪੀ.ਐਮ.-20 ਅਨ ਟਾਈਡ ਫੰਡਜ ਆਫ ਡੀ.ਪੀ.ਸੀਜ਼ ਅਧੀਨ ਭਾਰਤ ਸਰਕਾਰ ਦੇ ਪੱਤਰ ਨੰ: F.No-M-13054/1/2008-SCSP/TSP ਮਿਤੀ 18-08-2009 (ਕਾਪੀ ਨੱਥੀ) ਰਾਹੀਂ ਜਾਰੀ ਅਗਵਾਹੀ ਲੀਹਾਂ ਅਨੁਸਾਰ 40% ਜਾਂ ਇਸ ਤੋਂ ਵੱਧ ਅਨੁਸੂਚਿਤ ਜਾਤੀਆਂ ਦੀ ਵਸੋਂ ਵਾਲੇ ਸਨਾਖਤ ਕੀਤੇ ਗਏ ਪਿੰਡਾਂ ਵਿਚ ਬੁਨਿਆਦੀ ਢਾਂਚੇ ਅਧੀਨ ਕੀਤੇ ਗਏ ਖਰਚੇ ਨੂੰ ਪੂਰੇ ਦਾ ਪੂਰਾ 100% ਐਸ.ਸੀ.ਐਸ.ਪੀ. ਵਿਚ ਦਰਸਾਇਆ ਜਾਵੇ।

3. ਇਸ ਸਬੰਧੀ ਭਲਾਈ ਵਿਭਾਗ ਵੱਲੋਂ ਰਾਜ ਦੇ ਸਮੂਹ ਉਪ ਅਰਥ ਅਤੇ ਅੰਕੜਾ ਸਲਾਹਕਾਰ ਨੂੰ ਰਾਜ ਅੰਦਰ ਅਨੁਸੂਚਿਤ ਜਾਤੀਆਂ ਦੀ 40% ਜਾਂ ਇਸ ਤੋਂ ਵੱਧ ਅਬਾਦੀ ਵਾਲੇ ਸਨਾਖ਼ਤ ਕੀਤੇ ਪਿੰਡਾਂ ਦੀਆਂ ਲਿਸਟਾਂ ਉਪਲਭਧ ਕਰਵਾ ਦਿੱਤੀਆਂ ਗਈਆਂ ਹਨ ।

ਸਹੀ/-
ਵਧੀਕ ਸਕੱਤਰ ਯੋਜਨਾ

ਪਿੱਠ ਅੰਕਣ ਨੰ: 2/1-ਪਸਪਬ-ਖੋ.ਅ.(ਸ.ਯੋ.)-2010/9112 ਮਿਤੀ: 27/9/2010

ਉਤਾਰਾ ਡਾਇਰੈਕਟਰ, ਸਡਿਊਲਡ ਕਾਸਟਸ ਸਬ ਪਲਾਨ, ਭਲਾਈ ਵਿਭਾਗ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸਹੀ/-
ਵਧੀਕ ਸਕੱਤਰ ਯੋਜਨਾ

ਫਾਈਲ ਨੰ : ਐਮ-13054/1/2008-ਐਸ.ਸੀ.ਐਸ.ਪੀ./ਟੀ.ਐਸ.ਪੀ.
ਯੋਜਨਾ ਕਮਿਸ਼ਨ
(ਬੀ.ਸੀ.ਅਤੇ ਟੀ.ਡੀ. ਡਵੀਜ਼ਨ)
****

ਯੋਜਨਾ ਭਵਨ, ਸੰਸਦ ਮਾਰਗ
ਨਵੀਂ ਦਿੱਲੀ, ਮਿਤੀ 18 ਅਗਸਤ, 2009

ਦਫ਼ਤਰੀ ਪੱਤਰ

ਵਿਸ਼ਾ :- ਐਸ.ਸੀ.ਐਸ.ਪੀ./ਟੀ.ਐਸ.ਪੀ. ਦੀਆਂ ਅਗਵਾਈ ਲੀਹਾਂ ਵਿਚ ਤਰਮੀਮ ।

****

ਯੋਜਨਾ ਆਯੋਗ ਦੇ ਅਰਧ ਸਰਕਾਰੀ ਪੱਤਰ ਨੰ: ਐਮ.-13011/3/2005-ਐਸ.ਸੀ.ਐਸ.ਪੀ.- ਮਿਤੀ 31.10.2005 ਬਾਬਤ ਜਿਸ ਰਾਹੀਂ ਅਨੁਸੂਚਿਤ ਜਾਤੀਆਂ ਲਈ ਸ਼ਡਿਊਲਡ ਕਾਸਟ ਸਬ ਪਲਾਨ ਅਤੇ ਅਨੁਸੂਚਿਤ ਕਬੀਲਿਆਂ ਲਈ ਟਰਾਈਬਲ ਸਬ ਪਲਾਨ ਨੂੰ ਤਿਆਰ ਕਰਨਾ, ਲਾਗੂ ਕਰਨ ਅਤੇ ਸਮੀਖਿਆ ਵੱਲ ਧਿਆਨ ਦੇਣ ਦੀ ਕਿਰਪਾਲਤਾ ਕੀਤੀ ਜਾਵੇ ।

2. ਅਨੁਸੂਚਿਤ ਜਾਤੀਆਂ ਦੇ ਲਾਭਪਾਤਰੀਆਂ ਨੂੰ ਵੱਧ ਤੋਂ ਵੱਧ ਲਾਭ ਪਹੁੰਚਾਣ ਦੇ ਮੰਤਵ ਨਾਲ ਪਿੰਡਾਂ ਦੀ ਕਵਰੇਜ਼ ਦੇ ਦਾਇਰੇ ਵਿਚ ਵਾਧਾ ਕਰਨ ਲਈ ਯੋਜਨਾ ਆਯੋਗ ਵੱਲੋਂ ਐਸ.ਸੀ.ਐਸ.ਪੀ. ਦੀਆਂ ਮੌਜੂਦਾ ਅਗਵਾਈ ਲੀਹਾਂ ਵਿਚ ਤਰਮੀਮ ਕਰਨ ਦਾ ਫੈਸਲਾ ਕੀਤਾ ਹੈ। ਐਸ.ਸੀ.ਐਸ.ਪੀ./ਟੀ.ਐਸ.ਪੀ. ਸਬੰਧੀ ਮੌਜੂਦਾ ਅਗਵਾਈ ਲੀਹਾਂ ਵਿਚ ਦਰਜ ਸਿਰਲੇਖ **"ਐਸ.ਸੀ.ਐਸ.ਪੀ./ਟੀ.ਐਸ.ਪੀ.ਕੰਪੋਨੈਂਟ"** ਦੇ ਪੈਰਾ-2 ਵਿਚ ਦਰਸਾਇਆ ਗਿਆ ਹੈ ਕਿ "ਅਨੁਸੂਚਿਤ ਜਾਤੀਆਂ ਨੂੰ ਸਿੱਧਾ ਲਾਭ ਪਹੁੰਚਾਉਣ ਵਾਲੀਆਂ ਖੇਤਰ ਸੁਧਾਰ ਸਕੀਮਾਂ ਵਿਚ ਉਹ ਖਿੱਤੇ/ਪਿੰਡ ਸ਼ਾਮਲ ਕੀਤੇ ਜਾਣ ਜਿਹਨਾਂ ਵਿਚ ਅਨੁਸੂਚਿਤ ਜਾਤੀਆਂ ਦੀ ਵਸੋਂ ਬਹੁਤਾਤਾ ਹੋਵੇ"। ਇਸ ਵਿਚ **"ਅਨੁਸੂਚਿਤ ਜਾਤੀਆਂ ਦੀ ਵਸੋਂ ਦੀ ਬਹੁਤਾਤ" ਸ਼ਬਦ ਨੂੰ "40% ਜਾਂ ਇਸ ਤੋਂ ਵੱਧ ਅਨੁਸੂਚਿਤ ਜਾਤੀਆਂ ਦੀ ਵਸੋਂ ਹੋਵੇ"** ਪੜ੍ਹਿਆ ਜਾਵੇ।

ਸਹੀ/-
(ਨੈਨੀ ਜਿਆਸੀਲਨ)
ਐਡਵਾਈਜ਼ਰ (ਐਸ.ਜੇ.)

ਮੁੱਖ ਸਕੱਤਰ,
(ਸ੍ਰੀ ਸੁਬੋਧ ਚੰਦਰਾ ਅਗਰਵਾਲ ਦੇ ਧਿਆਨ ਹਿੱਤ)
ਪੰਜਾਬ ਸਰਕਾਰ, ਸਿਵਲ ਸਕੱਤਰੇਤ,
ਚੰਡੀਗੜ੍ਹ -160001

(ਟੈਲੀਫੋਨ ਨੰ: -172-2740156
ਫੈਕਸ :- 0172-2742488)

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ,

ਸਮੂਹ ਡਿਪਟੀ ਕਮਿਸ਼ਨਰ-ਕਮ-ਸਕੱਤਰ,
ਜ਼ਿਲ੍ਹਾ ਯੋਜਨਾ ਕਮੇਟੀਆਂ ।

ਮੀਮੋ ਨੰ: 2/1/ਪਸਪਬ-ਖੋ.ਅ.(ਸ.ਯੋ.)-2010/10358
ਮਿਤੀ: ਚੰਡੀਗੜ੍ਹ 3/11/2010

ਵਿਸ਼ਾ :- **ਮਾਨਯੋਗ ਮੁੱਖ ਮੰਤਰੀ, ਉਪ ਮੁੱਖ ਮੰਤਰੀ ਅਤੇ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਲਈ ਈਅਰ ਮਾਰਕ ਕੀਤੇ ਗਏ ਬੰਧਨ ਮੁਕਤ ਫੰਡਾਂ ਨੂੰ ਇਸਤੇਮਾਲ ਕਰਨ ਸਬੰਧੀ 3% ਵਿਭਾਗੀ ਖਰਚਿਆਂ ਦੀ ਕਟੌਤੀ ਬਾਰੇ ਸਪਸ਼ਟੀਕਰਨ।**

ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2. ਆਪ ਜੀ ਦਾ ਧਿਆਨ ਯੋਜਨਾਬੰਦੀ ਵਿਭਾਗ ਦੇ ਮੀਮੋ ਨੰ: 2/1/ਪਸਪਬ-ਖੋ.ਅ.(ਸ.ਯੋ.)-2010/8295 ਮਿਤੀ 27/8/2010 ਵੱਲ ਤੁਰੰਤ ਦਿਵਾਇਆ ਜਾਂਦਾ ਹੈ ਜਿਸ ਵਿਚ ਬੰਧਨ ਮੁਕਤ ਫੰਡ ਲਈ ਡਿਟੇਲਡ ਗਾਈਡ-ਲਾਈਨਾਂ ਇਕੱਠੀਆਂ ਕਰਕੇ ਸਰਕੂਲੇਟ ਕੀਤੀਆਂ ਸੀ। ਇਨ੍ਹਾਂ ਗਾਈਡ-ਲਾਈਨਾਂ ਦੇ ਪੈਰ੍ਹਾ 2 (ਹ) ਵਿਚ ਇਹ ਲਿਖਿਆ ਹੋਇਆ ਹੈ ਕਿ ''ਬੰਧਨ ਮੁਕਤ ਫੰਡਾਂ ਸਬੰਧੀ ਕਾਰਜਾਂ ਲਈ ਕਾਰਜਕਾਰੀ ਏਜੰਸੀਆਂ ਤਿੰਨ ਪ੍ਰਤੀਸ਼ਤ ਵਿਭਾਗੀ ਖਰਚਿਆਂ ਤੋਂ ਇਲਾਵਾ ਆਪਣੇ ਪੂਰਵ ਕੰਮ, ਇਨ੍ਹਾਂ ਨੂੰ ਲਾਗੂ ਕਰਨ ਅਤੇ ਨਿਰੀਖਣ ਆਦਿ ਲਈ ਸੇਵਾਵਾਂ ਵਾਸਤੇ ਕੋਈ ਪ੍ਰਬੰਧਕੀ ਖਰਚੇ ਵਸੂਲ ਨਹੀਂ ਕਰਨਗੀਆਂ''। ਕੁੱਝ ਡਿਪਟੀ ਕਮਿਸ਼ਨਰਾਂ ਨੇ ਇਸ ਨੂੰ ਸਮਝਿਆ ਹੈ ਕਿ ਐਗਜੀਕਿਊਟਵ ਏਜੰਸੀਆਂ ਵੱਲੋਂ 3% ਵਿਭਾਗੀ ਖਰਚਾ ਲੈਣਾ ਲਾਜ਼ਮੀ ਹੈ। ਇਸ ਲਈ ਡਿਪਟੀ ਕਮਿਸ਼ਨਰਾਂ ਨੂੰ ਹੇਠ ਲਿਖੇ ਅਨੁਸਾਰ ਸਪਸ਼ਟ ਕੀਤਾ ਜਾਂਦਾ ਹੈ :-

''ਬੰਧਨ-ਮੁਕਤ ਫੰਡ ਬੜੇ ਲਿਮਟਿਡ ਹੁੰਦੇ ਹਨ ਇਸ ਕਰਕੇ ਐਗਜੀਕਿਊਟਿਵ ਏਜੰਸੀਆਂ ਵੱਲੋਂ ਐਡਮਨਿਸਟਰੇਟਿਵ ਚਾਰਜਜ ਨਹੀਂ ਲੈਣੇ ਚਾਹੀਦੇ । ਪਰੰਤੂ ਕਿਸੇ ਵਜਾਹ ਕਰਕੇ ਜੇਕਰ ਕਿਸੇ ਐਗਜੀਕਿਊਟਿਵ ਏਜੰਸੀ ਨੂੰ ਐਡਮਨਿਸਟਰੇਟਿਵ ਚਾਰਜਜ ਦੇਣੇਂ ਪੈਂਦੇ ਹਨ ਤਾਂ ਵੱਧ ਤੋਂ ਵੱਧ 3% ਦਿੱਤੇ ਜਾ ਸਕਦੇ ਹਨ'' ।

ਸਹੀ/-
ਵਧੀਕ ਸਕੱਤਰ ਯੋਜਨਾ

ਪਿੱਠ ਅੰਕਣ ਨੰ: 2/1/ਪਸਪਬ-ਖੋ.ਅ.(ਸ.ਯੋ.)-2010/10359-62 ਮਿਤੀ: 3/11/2010

ਇਸ ਦੀ ਇੱਕ ਕਾਪੀ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ:-

(i) ਰਾਜ ਦੇ ਸਮੂਹ ਚੇਅਰਮੈਨ, ਜ਼ਿਲ੍ਹਾ ਯੋਜਨਾ ਕਮੇਟੀਆਂ ।
(ii) ਪ੍ਰਮੁੱਖ ਸਕੱਤਰ ਮੁੱਖ ਮੰਤਰੀ ਨੂੰ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ।
(iii) ਵਿਸੇਸ਼ ਪ੍ਰਮੱਖ ਸਕੱਤਰ ਉਪ ਮੁੱਖ ਮੰਤਰੀ ਨੂੰ ਮਾਨਯੋਗ ਉਪ ਮੁੱਖ ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ।
(iv) ਨਿੱਜੀ ਸਕੱਤਰ/ਵਿੱਤ ਅਤੇ ਯੋਜਨਾ ਮੰਤਰੀ ਨੂੰ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ ।

ਸਹੀ/-
ਵਧੀਕ ਸਕੱਤਰ ਯੋਜਨਾ

ਪਿੱਠ ਅੰਕਣ ਨੰ: 2/1/ਪਸਪਬ-ਖੋ.ਅ.(ਸ.ਯੋ.)-2010/10363-73 ਮਿਤੀ: 3/11/2010

ਇਸ ਦੀ ਇੱਕ ਕਾਪੀ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ :-

(i) ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ (ਯੋਜਨਾ ਨਾਲ ਸਬੰਧਤ), ਪੰਜਾਬ।
(ii) ਡਾਇਰੈਕਟਰ ਖਜ਼ਾਨਾ ਅਤੇ ਲੇਖਾ, ਵਿੱਤ ਵਿਭਾਗ, ਪੰਜਾਬ ।
(iii) ਵਿੱਤ ਵਿਭਾਗ (ਐਫ.ਈ-6 ਸ਼ਾਖਾ) ।
(iv) ਮਹਾਂਲੇਖਾਕਾਰ (ਏ.ਐਂਡ ਈ), ਪੰਜਾਬ ।
(v) ਮਹਾਂਲੇਖਾਕਾਰ (ਆਡਿਟ), ਪੰਜਾਬ ।
(vi) ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ।
(vii) ਰਾਜ ਦੇ ਸਮੂਹ ਉਪ ਅਰਥ ਅਤੇ ਅੰਕੜਾ ਸਲਾਹਕਾਰ ।
(viii) ਜ਼ਿਲ੍ਹਿਆਂ ਵਿੱਚ ਸਮੂਹ ਡਿਪਟੀ ਕੰਟ੍ਰੋਲਰ (ਵਿੱਤ ਅਤੇ ਲੇਖਾ), ਅੰਦਰੂਨੀ ਆਡਿਟ ਸੰਗਠਨ (ਆਰ) ਆਦਿ ।
(ix) ਆਰਥਿਕ ਸਲਾਹਕਾਰ, ਪੰਜਾਬ ਸਰਕਾਰ ।
(x) ਰਾਜ ਦੇ ਸਮੂਹ ਜ਼ਿਲ੍ਹਾ ਖਜ਼ਾਨਾ ਅਫਸਰ ।
(xi) ਪੰਜਾਬ ਰਾਜ ਯੋਜਨਾ ਬੋਰਡ ਦੇ ਸਮੂਹ ਡਾਇਰੈਕਟਰ/ਡਿਪਟੀ ਡਾਇਰੈਕਟਰ ।

ਸਹੀ/-
ਵਧੀਕ ਸਕੱਤਰ ਯੋਜਨਾ

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ,

ਰਾਜ ਦੇ ਸਮੂਹ ਡਿਪਟੀ ਕਮਿਸ਼ਨਰ-ਕਮ-ਸਕੱਤਰ,
ਜ਼ਿਲ੍ਹਾ ਯੋਜਨਾ ਕਮੇਟੀ।

ਮੀਮੋ ਨੰ: 1/1-ਪਸਪਬ-ਖੋ.ਅ(ਸ.ਯੋ)-2011/730
ਮਿਤੀ : ਚੰਡੀਗੜ੍ਹ 1/2/2011

ਵਿਸ਼ਾ:- ਕੇਂਦਰੀ ਪ੍ਰਯੋਜਿਕ ਸਕੀਮਾਂ ਅਧੀਨ ਰਾਸ਼ੀ ਜਾਰੀ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਯੋਜਨਾਬੰਦੀ ਵਿਭਾਗ ਦੇ ਮੀਮੋ ਨੰ: 1/1/-ਪਸਪਬ-ਖੋ.ਅ.(ਸ.ਯੋ.)-2010/8698 ਮਿਤੀ 14/9/2010 ਦੀ ਲਗਾਤਾਰਤਾ ਵਿਚ।

2. ਪ੍ਰਮੁੱਖ ਸਕੱਤਰ, ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਆਪਣੇ ਅਰਧ ਸਰਕਾਰੀ ਪੱਤਰ ਨੰ: ਸ-7(ਆਈ.ਸੀ.ਡੀ.ਐਸ.)।।/3593-3612 ਮਿਤੀ 19/1/2011 (ਕਾਪੀ ਨੱਥੀ ਹੈ) ਰਾਹੀਂ ਯੋਜਨਾਬੰਦੀ ਵਿਭਾਗ ਨੂੰ ਦੱਸਿਆ ਗਿਆ ਹੈ ਕਿ ਸਪਲੀਮੈਂਟਰੀ ਨਿਊਟਰੀਸ਼ਨ ਪ੍ਰੋਗਰਾਮ ਜੋ ਕਿ ਮੈਚਿੰਗ ਬੇਸ ਤੇ ਕੇਂਦਰੀ ਅਤੇ ਰਾਜ ਸਰਕਾਰ ਵੱਲੋਂ ਲਾਗੂ ਕੀਤਾ ਜਾਂਦਾ ਹੈ ਅਤੇ ਇਸ ਪ੍ਰੋਗਰਾਮ ਅਧੀਨ ਰਾਜ ਸਰਕਾਰ ਵੱਲੋਂ ਖਰਚ ਕੀਤੀ ਗਈ ਰਾਸ਼ੀ ਦਾ 50% ਹਿੱਸਾ ਭਾਰਤ ਸਰਕਾਰ ਵੱਲੋਂ ਰੀ-ਇੰਮਬਰਸ ਕੀਤਾ ਜਾਂਦਾ ਹੈ। ਆਂਗਨਵਾੜੀ ਸੈਂਟਰਾਂ ਵਿਚ ਦਿੱਤੀ ਜਾਣ ਵਾਲੀ ਸਪਲੀਮੈਂਟਰੀ ਨਿਊਟਰੀਸ਼ਨ ਦੀ ਲਗਾਤਾਰਤਾ ਨੂੰ ਹਰ ਹਾਲਤ ਵਿਚ ਬਣਾਈ ਰੱਖਣਾ ਹੈ ਅਤੇ ਕਿਸੇ ਵੀ ਕਿਸਮ ਦਾ ਵਿਘਨ ਨਹੀਂ ਪੈਣਾ ਚਾਹੀਦਾ। ਆਂਗਨਵਾੜੀ ਸੈਂਟਰਾਂ ਨੇ ਸਾਲ ਵਿਚ 300 ਦਿਨ ਫੀਡ ਦੇਣੀ ਹੁੰਦੀ ਹੈ। ਭਾਰਤ ਸਰਕਾਰ ਦਾ ਇੱਕ ਫਲੈਗਸ਼ਿਪ ਪ੍ਰੋਗਰਾਮ ਹੋਣ ਕਰਕੇ ਇਸ ਪ੍ਰੋਗਰਾਮ ਦੇ ਫੰਡਾਂ ਦੀ ਰਲੀਜ ਵਿਚ ਦੇਰੀ ਕਾਰਨ ਨਾ ਸਿਰਫ ਬੁਰਾ ਅਸਰ ਪੈਂਦਾ ਹੈ ਸਗੋਂ ਭਾਰਤ ਸਰਕਾਰ ਕੋਲ ਰਾਜ ਸਰਕਾਰ ਨੂੰ ਜਵਾਬ ਦੇਣ ਵਿਚ ਮੁਸ਼ਕਿਲ ਪੈਂਦੀ ਹੈ।

3. ਇਸ ਪ੍ਰੋਗਰਾਮ ਦੀ ਮਹੱਤਤਾ ਅਤੇ ਇਸ ਦੀ ਅਤਿਅੰਤ ਜਰੂਰਤ ਦੇ ਮੱਦੇ ਨਜ਼ਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪ੍ਰੋਗਰਾਮ ਅਧੀਨ ਫੰਡਾਂ ਦੀ ਰਲੀਜ ਵਿਚ ਲਗਾਤਾਰਤਾ

ਯਕੀਨੀ ਬਣਾਈ ਜਾਵੇ ਅਤੇ ਜਿਥੋਂ ਤੱਕ ਹੋ ਸਕੇ ਅਗਾਂਊ ਮਨਜ਼ੂਰੀ ਜਾਰੀ ਕਰਨ ਲਈ ਯੋਗ ਕਦਮ ਚੁੱਕੇ ਜਾਣ ਲੋੜ ਪੈਣ ਤੇ ਜ਼ਿਲ੍ਹਾ ਯੋਜਨਾ ਕਮੇਟੀ ਤੋਂ ਕਾਰਜ ਬਾਅਦ ਪ੍ਰਵਾਨਗੀ ਲੈ ਲਈ ਜਾਵੇ।

ਸਹੀ/-
ਵਿਸੇਸ਼ ਸਕੱਤਰ ਯੋਜਨਾ

ਪਿਠਅੰਕਣ.ਨੰ: 1/1-ਪਸਪਬ-ਖੋ.ਅ(ਸ.ਯੋ)-2011/731 ਮਿਤੀ: 1/2/2011

ਉਪਰੋਕਤ ਦਾ ਉਤਾਰਾ ਪ੍ਰਮੁੱਖ ਸਕੱਤਰ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਨੂੰ ਉਨ੍ਹਾਂ ਦੇ ਅਰਧ ਸਰਕਾਰੀ ਪੱਤਰ ਨੰ: ਸ-7(ਆਈ.ਸੀ.ਡੀ.ਐਸ.)।।/3593-3612 ਮਿਤੀ 19/1/2011 ਦੇ ਹਵਾਲੇ ਵਿਚ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸਹੀ/-
ਵਿਸੇਸ਼ ਸਕੱਤਰ ਯੋਜਨਾ

ਪਿਠਅੰਕਣ.ਨੰ: 1/1-ਪਸਪਬ-ਖੋ.ਅ(ਸ.ਯੋ)-2011/732 ਮਿਤੀ: 1/2/2011

ਉਤਾਰਾ ਰਾਜ ਦੇ ਸਮੂਹ ਉਪ-ਅਰਥ ਅਤੇ ਅੰਕੜਾ ਸਲਾਹਕਾਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹੀ/-
ਡਾਇਰੈਕਟਰ ਯੋਜਨਾ

ਤਿਲਕ ਆਰ.ਸਾਰੰਗਲ, ਆਈ.ਏ.ਐਸ,
Principal Secretary
ਪ੍ਰਮੁੱਖ ਸਕੱਤਰ
Tele. No. 2742920
ਟੈਲੀਫੋਨ ਨੰ.

D.O. No. 47(1005)11/3593-3612
ਅੱਧ ਸ.ਪੱ.ਨੰ.

Government of Punjab
ਪੰਜਾਬ ਸਰਕਾਰ

Department of
ਸਮਾਜਿਕ ਸੁਰੱਖਿਆ ਅਤੇ ਵਿਭਾਗ
ਇਸਤਰੀ ਤੇ ਬਾਲ ਵਿਕਾਸ
Chandigarh, the
ਚੰਡੀਗੜ੍ਹ 19-1-2011

ਵਿਸ਼ਾ : ਸਪਲੀਮੈਂਟਰੀ ਨਿਊਟਰੀਸ਼ਨ ਪ੍ਰੋਗਰਾਮ ਅਧੀਨ ਵਿੱਤੀ ਸਾਲ 2010-11 ਦੇ ਖਰਚੇ ਦਾ ਲੇਖਾ-ਜੋਖਾ।

ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਆਂਗਨਵਾੜੀ ਸੈਂਟਰ ਲਈ ਸਪਲੀਮੈਂਟਰੀ ਨਿਊਟਰੀਸ਼ਨ ਪ੍ਰੋਗਰਾਮ ਅਧੀਨ ਹਰ ਸਾਲ ਸਰਕਾਰ ਵਲੋਂ ਜ਼ਿਲ੍ਹਾ ਵਾਰ ਰਾਸ਼ੀ ਐਲੋਕੇਟ ਕੀਤੀ ਜਾਂਦੀ ਹੈ। ਇਹ ਰਕਮ ਜ਼ਿਲਾ ਪਲਾਨ ਦਾ ਹਿੱਕ ਹਿੱਸਾ ਹੈ ਅਤੇ ਇਹ ਖਰਚਾ ਸਬੰਧਤ ਡਿਪਟੀ ਕਮਿਸ਼ਨਰਜ਼ ਦੁਆਰਾ ਪਲਾਨਿੰਗ ਕਮੇਟੀ ਦੀ ਮੰਨਜੂਰੀ ਉਪਰੰਤ ਡਰਾਅ ਕਰਕੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਦਿੱਤੀ ਜਾਂਦੀ ਹੈ ਅਤੇ ਉਹਨਾਂ ਵਲੋਂ ਇਹ ਨਿਊਟਰੀਸ਼ਨ ਖਰੀਦ ਕੇ ਆਂਗਨਵਾੜੀ ਸੈਂਟਰਾਂ ਤੱਕ ਪਹੁੰਚਾਈ ਜਾਂਦੀ ਹੈ। ਅਜਿਹਾ ਵੇਖਣ ਵਿੱਚ ਆਇਆ ਹੈ ਕਿ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਪਲਾਨਿੰਗ ਕਮੇਟੀਆਂ ਦੀ ਮੀਟਿੰਗਾਂ ਦੇਰੀ ਨਾਲ ਹੋਣ ਕਰਕੇ ਜਾਂ ਕਈ ਹੋਰ ਕਾਰਨਾਂ ਕਰਕੇ ਇਹ ਰਕਮ ਸਮੇਂ ਸਿਰ ਡਰਾਅ ਨਹੀਂ ਹੁੰਦੀ। ਇਸ ਤਰ੍ਹਾਂ ਆਂਗਨਵਾੜੀ ਸੈਂਟਰਾਂ ਨੂੰ ਨਿਰੰਤਰ ਸਪਲੀਮੈਂਟਰੀ ਨਿਊਟਰੀਸ਼ਨ ਦੀ ਪੂਰਤੀ ਨਹੀਂ ਹੁੰਦੀ। ਇਹ ਪ੍ਰੋਗਰਾਮ ਭਾਰਤ ਸਰਕਾਰ ਦਾ ਇਕ ਫਲੈਗਸ਼ਿਪ ਪ੍ਰੋਗਰਾਮ ਹੈ ਜੋ ਕਿ ਮੈਚਿੰਗ ਬੇਸ ਤੇ ਕੇਂਦਰ ਅਤੇ ਰਾਜ ਸਰਕਾਰ ਵਲੋਂ ਲਾਗੂ ਕੀਤਾ ਜਾਂਦਾ ਹੈ। ਇਸ ਦਾ ਰੀਵਿਊ ਭਾਰਤ ਸਰਕਾਰ ਵਿੱਚ ਉਚਤੱਮ ਸਤਰ ਤੇ ਹੁੰਦਾ ਹੈ ਅਤੇ ਇਹ ਰਕਮ ਨਾ ਖਰਚੇ ਜਾਣ ਕਰਕੇ ਅਗਲੇ ਸਾਲਾਂ ਵਿੱਚ ਕਟੌਤੀ ਵੀ ਲਗਦੀ ਹੈ ਅਤੇ ਭਾਰਤ ਸਰਕਾਰ ਕੋਲ ਰਾਜ ਸਰਕਾਰ ਨੂੰ ਨਾਮੋਸ਼ੀ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਅਜਿਹੀ ਹੀ ਸਥਿਤੀ ਰਾਜ ਸਰਕਾਰ ਨੂੰ ਮਿਤੀ 10-1-2011 ਨੂੰ ਭਾਰਤ ਸਰਕਾਰ ਦੇ ਪਲਾਨਿੰਗ ਕਮਿਸ਼ਨ ਸਾਹਮਣੇ ਦਰਪੇਸ਼ ਆਈ ਹੈ। ਇਸ ਸਮੱਸਿਆ ਦਾ ਹੱਲ ਕਰਨ ਲਈ ਬਹੁਤ ਸਾਰੇ ਡਿਪਟੀ ਕਮਿਸ਼ਨਰ ਸਾਹਿਬਾਨ ਜ਼ਿਲ੍ਹਾ ਪਲਾਨਿੰਗ ਕਮੇਟੀ ਤੋਂ ਅਧਿਕਾਰ ਲੈ ਕੇ ਇਹ ਰਕਮ ਮਿਤੀ ਬੱਧ ਤਰੀਕੇ ਨਾਲ ਰਲੀਜ਼ ਕਰਦੇ ਰਹਿੰਦੇ ਹਨ ਅਤੇ ਜ਼ਿਲ੍ਹਾ ਕਮੇਟੀਆਂ ਦੀ ਮੀਟਿੰਗਾਂ ਹੋਣ ਉਪਰੰਤ ਉਹਨਾਂ ਕੋਲੋਂ ਕਾਰਜਬਾਦ ਪ੍ਰਵਾਨਗੀ ਲੈ ਲੈਂਦੇ ਹਨ। ਪਰ ਅਜਿਹੀ ਪ੍ਰਥਾ ਸਾਰੇ ਜਿਲਿਆਂ ਵਿੱਚ ਨਹੀਂ ਹੈ। ਮੇਰੇ ਵਲੋਂ ਇਸ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਉਪਰੰਤ ਹੇਠ ਲਿਖੇ ਜਿਲਿਆਂ ਵਿੱਚ 31 ਦਸੰਬਰ 2010 ਤੱਕ ਐਲੋਕੇਟ ਕੀਤੀ ਰਾਸ਼ੀ ਦੀ ਵਰਤੋਂ ਇਸ ਪ੍ਰਕਾਰ ਹੈ:-

ਲੜੀ ਨੰ	ਜ਼ਿਲ੍ਹੇ ਦਾ ਨਾਮ	ਸਾਲ 2010-11 ਲਈ ਅਲਾਟਮੈਂਟ	ਜਾਰੀ ਕੀਤੀ ਗਈ ਰਾਸ਼ੀ	ਖਰਚ ਕੀਤੀ ਰਾਸ਼ੀ
1	ਫਰੀਦਕੋਟ	252.80	126.40	63.20
2	ਗੁਰਦਾਸਪੁਰ	1349.44	674.72	168.68
3	ਹੁਸ਼ਿਆਰਪੁਰ	880.48	440.24	212.00
4	ਮਾਨਸਾ	374.40	187.20	93.60
5	ਮੋਗਾ	457.20	228.60	114.00
6	ਮੁਕਤਸਰ	394.80	197.40	98.70
7	ਨਵਾਂਸ਼ਹਿਰ	364.32	182.16	91.08
8	ਪਟਿਆਲਾ	840.80	420.40	210.20
9	ਰੋਪੜ	401.76	200.88	100.44
10	ਸੰਗਰੂਰ	894.16	447.08	111.77
11	ਮੋਹਾਲੀ	285.52	142.76	71.06
12	ਤਰਨ ਤਾਰਨ	524.64	262.32	131.16
13	ਬਰਨਾਲਾ	312.32	156.16	39.04

ਮੈਂ ਆਪ ਜੀ ਨੂੰ ਪੁਰਜ਼ੋਰ ਬੇਨਤੀ ਕਰਦਾ ਹਾਂ ਕਿ ਆਂਗਨਵਾੜੀ ਸੈਂਟਰਾਂ ਵਿੱਚ ਦਿੱਤੀ ਜਾਣ ਵਾਲੀ ਸਪਲੀਮੈਂਟਰੀ ਨਿਊਟਰੀਸ਼ਨ ਦੀ ਲਗਾਤਾਰਤਾ ਨੂੰ ਹਰ ਹਾਲਤ ਵਿੱਚ ਬਣਾਈ ਰੱਖਣਾ ਹੈ ਅਤੇ ਕਿਸੇ ਵੀ ਕਿਸਮ ਦਾ ਵਿਘਨ ਨਹੀਂ ਪੈਣਾ ਚਾਹੀਦਾ। ਆਂਗਨਵਾੜੀ ਸੈਂਟਰਾਂ ਨੇ ਸਾਲ ਵਿੱਚ 300 ਦਿਨ ਫੀਡ ਦੇਣੀ ਹੁੰਦੀ ਹੈ। ਦਿੱਤੀ ਜਾਣ ਵਾਲੀ ਖੁਰਾਕ ਦੀ ਮਾਤਰਾ ਅਤੇ ਕੈਲੋਰੀਜ਼ ਵੀ ਨਿਸਚਿਤ ਕੀਤੀ ਹੋਈ ਹੈ ਅਤੇ ਹਰ ਰਾਜ ਸਰਕਾਰ ਨੇ ਮਾਨਯੋਗ ਸੁਪਰੀਮ ਕੋਰਟ ਵਿੱਚ ਉਪਰੋਕਤ ਪੂਰਤੀ ਕਰਨ ਲਈ ਹਲਫੀਆ ਬਿਆਨ ਵੀ ਦਿੱਤੇ ਹੋਏ ਹਨ। ਜ਼ਿਲ੍ਹਾ ਪੱਧਰ ਤੇ ਅਜਿਹੀ ਪੂਰਤੀ ਨਾ ਹੋਣ ਦੀ ਸੂਰਤ ਵਿੱਚ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀ ਵੀ ਅਵੇਲਣਾ ਹੋ ਜਾਵੇਗੀ ਅਤੇ ਰਾਜ ਸਰਕਾਰ ਹੋਰ ਵੀ ਗੰਭੀਰ ਸੰਕਟ ਵਿੱਚ ਆ ਜਾਵੇਗੀ। ਇਸ ਲਈ ਮੈਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਸਕੀਮ ਨੂੰ ਨਿੱਜੀ ਪੱਧਰ ਤੇ ਹਰ ਮਹੀਨੇ ਰੀਵਿਊ ਕੀਤੀ ਜਾਵੇ ਅਤੇ ਇਸ ਰਕਮ ਨੂੰ ਰਲੀਜ਼ ਕਰਨ ਲਈ ਜ਼ਿਲ੍ਹਾ ਪਲਾਨਿੰਗ ਕਮੇਟੀ ਦੀ ਇਕਤਰਤਾ ਦਾ ਇੰਤਜਾਰ ਨਾ ਕੀਤਾ ਜਾਵੇ ਅਤੇ ਅਜਿਹੀਆਂ ਪਾਵਰਾਂ ਡਿਪਟੀ ਕਮਿਸ਼ਨਰ ਸਾਹਿਬਾਨ ਪਲਾਨਿੰਗ ਕਮੇਟੀ ਤੋਂ ਪਾਸ ਕਰਵਾ ਕੇ ਆਪਣੇ ਕੋਲ ਲੈ ਲੈਣ ਅਤੇ ਉਸ ਉਪਰੰਤ ਕਾਰਜਬਾਦ ਪ੍ਰਵਾਨਗੀ ਲੈ ਲਈ ਜਾਇਆ ਕਰੇ। ਇਸ ਸਬੰਧੀ ਮਾਨਯੋਗ ਮੁੱਖ ਸਕੱਤਰ ਜੀ ਨੇ ਮਿਤੀ 31-1-2011 ਨੂੰ ਇਕ ਮੀਟਿੰਗ ਵੀ ਬੁਲਾਈ ਹੈ ਕਿਉਂਕਿ ਉਹਨਾਂ ਦੀ ਮਾਨਯੋਗ ਪ੍ਰਧਾਨ ਮੰਤਰੀ ਜੀ ਨਾਲ ਫਰਵਰੀ ਦੇ ਪਹਿਲੇ ਹਫਤੇ ਵਿੱਚ ਮੀਟਿੰਗ ਹੈ ਅਤੇ ਉਸ ਵਿੱਚ ਵੀ ਇਹ ਮਸਲਾ ਵਿਚਾਰੇ ਜਾਣ ਦੀ ਸੰਭਾਵਨਾ ਹੈ। ਇਸ ਲਈ ਕਿਰਪਾ ਕਰਕੇ 30-1-2011 ਤੱਕ ਆਪਣੇ-ਆਪਣੇ ਜ਼ਿਲਿਆਂ ਦੀ ਸਥਿਤੀ ਬਾਰੇ ਨਿਮਨਹਸਤਾਖਰ ਨੂੰ ਦੱਸਿਆ ਜਾਵੇ ਤਾਂ ਕਿ ਮਾਨਯੋਗ ਮੁੱਖ ਸਕੱਤਰ ਜੀ ਨੂੰ ਇਸ ਬਾਰੇ ਜਾਣੂੰ ਕਰਾਇਆ ਜਾ ਸਕੇ।

ਇਸ ਨੂੰ ਅਤਿ ਜਰੂਰੀ ਸਮੱਝਿਆ ਜਾਵੇ।

ਆਦਰ ਸਾਹਿਤ

ਹਿੱਤੂ

ਸਹੀ/-

(ਟੀ.ਆਰ.ਸਾਰੰਗਲ)

ਡਿਪਟੀ ਕਮਿਸ਼ਨਰ, ਫਰੀਦਕੋਟ, ਗੁਰਦਾਸਪੁਰ, ਹੁਸ਼ਿਆਰਪੁਰ,
ਮਾਨਸਾ, ਮੋਗਾ, ਮੁਕਤਸਰ, ਨਵਾਂਸ਼ਹਿਰ, ਪਟਿਆਲਾ,
ਰੋਪੜ, ਸੰਗਰੂਰ, ਮੋਹਾਲੀ, ਤਰਨਤਾਰਨ, ਬਰਨਾਲਾ

ਕਾਪੀ:

ਪ੍ਰਮੁੱਖ ਸਕੱਤਰ ਯੋਜਨਾਬੰਦੀ ਜੀ ਨੂੰ ਇਕ ਪ੍ਰਤੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਡਿਪਟੀ ਕਮਿਸ਼ਨਰ ਸਾਹਿਬਾਨ ਨੂੰ ਹਦਾਇਤ ਕਰਨ ਕਿ ਇਹ ਰਾਸ਼ੀ ਨਿਰਵਿਘਨ ਰਲੀਜ਼ ਕਰਵਾਈ ਜਾਵੇ।

ਪ੍ਰਮੁੱਖ ਸਕੱਤਰ ਸਮਾਜਿਕ ਸੁਰੱਖਿਆ
ਇਸਤਰੀ ਤੇ ਬਾਲ ਵਿਕਾਸ

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ,

ਸਮੂਹ ਡਿਪਟੀ ਕਮਿਸ਼ਨਰ-ਕਮ-ਸਕੱਤਰ,
ਜ਼ਿਲ੍ਹਾ ਯੋਜਨਾ ਕਮੇਟੀਆਂ।

ਮੀਮੋ ਨੰ: 2/1/ਪਸਪਬ-ਖੋ.ਅ.(ਸ.ਯੋ.)-2011/962
ਮਿਤੀ: ਚੰਡੀਗੜ੍ਹ 14/2/2011

ਵਿਸ਼ਾ :- ਮਾਨਯੋਗ ਮੁੱਖ ਮੰਤਰੀ, ਉਪ ਮੁੱਖ ਮੰਤਰੀ ਅਤੇ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਲਈ ਈਅਰ ਮਾਰਕ ਕੀਤੇ ਗਏ ਬੰਧਨ ਮੁਕਤ ਫੰਡਾਂ ਨੂੰ ਇਸਤੇਮਾਲ ਕਰਨ ਸਬੰਧੀ ਸੋਧੀਆਂ ਅਗਵਾਹੀ ਲੀਹਾਂ ਸਬੰਧੀ ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਯੋਜਨਾਬੰਦੀ ਵਿਭਾਗ ਵੱਲੋਂ ਜ਼ਾਰੀ ਕੀਤੇ ਮੀਮੋ ਨੰ: 2/1-ਪਸਪਬ-ਖੋ.ਅ.(ਸ.ਯੋ)-2010/10493-10508 ਮਿਤੀ 09/11/2010 ਦੀ ਲਗਾਤਾਰਤਾ ਵਿਚ ।

2. ਮੰਤਰੀ ਮੰਡਲ ਪੰਜਾਬ ਵਲੋਂ ਮਿਤੀ 3-1-2011 ਨੂੰ ਹੋਈ ਮੀਟਿੰਗ ਵਿਚ ਬੰਧਨ ਮੁਕਤ ਫੰਡਾਂ ਨਾਲ ਕੀਤੇ ਜਾ ਸਕਣ ਵਾਲੇ ਕਾਰਜ਼ਾਂ ਦੀ ਸੂਚੀ ਵਿਚ ਹੇਠ ਅਨੁਸਾਰ ਦਰਸਾਏ ਨਵੇਂ ਕਾਰਜ਼ਾਂ ਨੂੰ ਸ਼ਾਮਿਲ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ:-

(ੳ) ਉਚੇਰੀ ਸਿੱਖਿਆ, ਤਕਨੀਕੀ ਸਿੱਖਿਆ, ਖੇਡਾਂ, ਮੈਡੀਕਲ ਸਿੱਖਿਆ, ਪੁਲਿਸ, ਸਿੱਖਿਆ ਅਤੇ ਸਿਹਤ ਤੇ ਪਰਿਵਾਰ ਕਲਿਆਣ ਵਿਭਾਗਾਂ ਅਧੀਨ ਆਉਂਦੇ ਕਾਲਜਾਂ ਅਤੇ ਹੋਰ ਸੰਸਥਾਵਾਂ ਸਮੇਤ ਯੂਨੀਵਰਸਿਟੀਆਂ ਵਿਚ ਬੁਨਿਆਦੀ ਢਾਂਚੇ ਦੀ ਕਰੀਏਸ਼ਨ, ਅਪਗਰੇਡੇਸ਼ਨ, ਰੱਖ ਰਖਾਓ ਵਾਸਤੇ, ਸਿਵਲ ਕੰਮਾਂ ਅਤੇ ਨਵੇਂ ਸਾਜੋ ਸਮਾਨ ਦੀ ਖਰੀਦ ਵਾਸਤੇ।

(ਅ) ਲੋਕਲ ਬਾਡੀਜ਼/ਪੀ.ਆਰ.ਆਈਜ./ਰਜਿਸਟਰਡ ਬਾਡੀਜ ਲਈ ਸਪੋਰਟਸ ਇਕਿਊਪਮੈਂਟ ਆਦਿ ਦੀ ਖਰੀਦ ਵਾਸਤੇ।

(ੲ) ਮਹਿਲਾਂ ਮੰਡਲਾਂ ਨੂੰ ਪਿੰਡ ਦੇ ਸਾਂਝੇ ਮਕਸਦਾਂ ਲਈ ਗਰਾਂਟ ਦੇਣ ਵਾਸਤੇ।

3. ਕਿਉਂਕਿ ਉਪਰੋਕਤ ਵਿਭਾਗਾਂ ਦੇ ਬੁਨਿਆਦੀ ਢਾਂਚੇ ਆਦਿ ਦੇ ਕੰਮਾਂ ਲਈ ਵਿੱਤੀ ਸਾਧਨਾ ਦੀ ਘਾਟ ਹੋਣ ਕਰਕੇ ਇਨ੍ਹਾਂ ਸੰਸਥਾਵਾਂ ਲਈ ਲੋੜੀਦੀ ਪੂਰੀ ਰਾਸ਼ੀ ਨਹੀਂ ਮਿਲ ਰਹੀ ਹੈ। ਇਸ ਲਈ ਇਨ੍ਹਾਂ ਸੰਸਥਾਵਾਂ ਲਈ ਵੱਖ ਵੱਖ ਸਰੋਤਾਂ ਤੋਂ ਸਾਧਨ ਜੁਟਾਉਣ ਦੀ ਲੋੜ ਹੈ।

4. ਇਸ ਲਈ ਬੰਧਨ ਮੁਕਤ ਫੰਡਾਂ ਨਾਲ ਕੀਤੇ ਜਾ ਸਕਣ ਵਾਲੇ ਉਦਾਹਰਣ ਕਾਰਜਾਂ ਦੀ ਸੂਚੀ ਵਿਚ ਲੜੀ ਨੰ: 25, 26 ਅਤੇ 27 ਤੇ ਨਵੇਂ ਕਾਰਜ ਦੀਆਂ ਮੱਦਾਂ ਸ਼ਾਮਿਲ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਪਹਿਲਾਂ ਜਾਰੀ ਅਗਵਾਈ ਲੀਹਾਂ ਦੀਆਂ ਨਾ ਆਗਿਆਯੋਗ ਕਾਰਜਾਂ ਦੀ ਸੂਚੀ ਵਿਚ ਕਲਾਜ (iii) ਚਿਰ ਸਥਾਈ ਪੂੰਜੀ ਸੰਪਤੀਆਂ ਨੂੰ ਪੁਨਰ ਵਰਤੋਂ ਯੋਗ/ਅਪਗ੍ਰੇਡ ਕਰਨ ਅਤੇ ਲੋੜੀਦੀ ਵਿਸੇਸ਼ ਮੁਰੰਮਤ ਤੋ ਇਲਾਵਾ ਕਿਸੇ ਹੋਰ ਕਿਸਮ ਦੀ ਮੁਰੰਮਤ ਤੇ ਰੱਖ-ਰਖਾਓ ਦੇ ਕਾਰਜਾਂ ਆਦਿ ਅਤੇ ਕਲਾਜ (iv) ਕਲੱਬ, ਟਰੱਸਟ, ਰਜਿਸਟਰਡ ਸੁਸਾਇਟੀਆਂ

ਅਤੇ ਸਹਿਕਾਰੀ ਸੰਸਥਾਵਾਂ ਆਦਿ ਨੂੰ ਹਟਾ ਦਿੱਤਾ ਗਿਆ ਹੈ ਤਾਂ ਜੋ ਉਪਰੋਕਤ ਸੋਧਾ ਨੂੰ ਇਨਬਿੰਨ ਲਾਗੂ ਕਰਨ ਵਿਚ ਕੋਈ ਮੁਸਕਲ ਪੇਸ਼ ਨਾ ਆਵੇ।

5.. ਬੰਧਨ ਮੁਕਤ ਫੰਡਾਂ ਦੀਆਂ ਸੋਧੀਆਂ ਅਗਵਾਹੀ ਲੀਹਾਂ (ਅੰਗਰੇਜ਼ੀ ਅਤੇ ਪੰਜਾਬੀ) ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਨਾਲ ਨੱਥੀ ਕੀਤੀਆਂ ਜਾਂਦੀਆਂ ਹਨ।

ਸਹੀ/-
ਵਿਸੇਸ਼ ਸਕੱਤਰ ਯੋਜਨਾ

ਪਿੱਠ ਅੰਕਣ ਨੰ: 2/1/ਪਸਪਬ-ਖੋ.ਅ.(ਸ.ਯੋ.)-2011/963-66 ਮਿਤੀ: 14/2/2011

ਇਸ ਦੀ ਇੱਕ ਕਾਪੀ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ:-

(i) ਰਾਜ ਦੇ ਸਮੂਹ ਚੇਅਰਪਰਸਨ, ਜ਼ਿਲ੍ਹਾ ਯੋਜਨਾ ਕਮੇਟੀਆਂ ।
(ii) ਪ੍ਰਮੁੱਖ ਸਕੱਤਰ ਮੁੱਖ ਮੰਤਰੀ ਨੂੰ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ।
(iii) ਵਿਸੇਸ਼ ਪ੍ਰਮੱਖ ਸਕੱਤਰ ਉਪ ਮੁੱਖ ਮੰਤਰੀ ਨੂੰ ਮਾਨਯੋਗ ਉਪ ਮੁੱਖ ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ।
(iv) ਨਿੱਜੀ ਸਕੱਤਰ/ਵਿੱਤ ਅਤੇ ਯੋਜਨਾ ਮੰਤਰੀ ਨੂੰ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ ।

ਸਹੀ/-
ਵਿਸੇਸ਼ ਸਕੱਤਰ ਯੋਜਨਾ

ਪਿੱਠ ਅੰਕਣ ਨੰ: 2/1/ਪਸਪਬ-ਖੋ.ਅ.(ਸ.ਯੋ.)-2011/967-78 ਮਿਤੀ: 14/2/2011

ਇਸ ਦੀ ਇੱਕ ਕਾਪੀ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ :-

(i) ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ (ਯੋਜਨਾ ਨਾਲ ਸਬੰਧਤ), ਪੰਜਾਬ।
(ii) ਡਾਇਰੈਕਟਰ ਖਜ਼ਾਨਾ ਅਤੇ ਲੇਖਾ, ਵਿੱਤ ਵਿਭਾਗ, ਪੰਜਾਬ ।
(iii) ਡਾਇਰੈਕਟਰ, ਸਪੈਸ਼ਲ ਕੰਪੋਨੈਂਟ ਸਬ ਪਲਾਨ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
(iv) ਵਿੱਤ ਵਿਭਾਗ (ਐਫ.ਈ-6 ਸ਼ਾਖਾ) ।
(v) ਮਹਾਂਲੇਖਾਕਾਰ (ਏ.ਐਂਡ ਈ), ਪੰਜਾਬ ।
(vi) ਮਹਾਂਲੇਖਾਕਾਰ (ਆਡਿਟ), ਪੰਜਾਬ ।
(vii) ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ।
(viii) ਰਾਜ ਦੇ ਸਮੂਹ ਉਪ ਅਰਥ ਅਤੇ ਅੰਕੜਾ ਸਲਾਹਕਾਰ ।
(ix) ਜ਼ਿਲ੍ਹਿਆਂ ਵਿੱਚ ਸਮੂਹ ਡਿਪਟੀ ਕੰਟ੍ਰੋਲਰ (ਵਿੱਤ ਅਤੇ ਲੇਖਾ), ਅੰਦਰੂਨੀ ਆਡਿਟ ਸੰਗਠਨ (ਆਰ) ਆਦਿ ।
(x) ਆਰਥਿਕ ਸਲਾਹਕਾਰ, ਪੰਜਾਬ ਸਰਕਾਰ ।
(xi) ਰਾਜ ਦੇ ਸਮੂਹ ਜ਼ਿਲ੍ਹਾ ਖਜ਼ਾਨਾ ਅਫਸਰ ।
(xii) ਪੰਜਾਬ ਰਾਜ ਯੋਜਨਾ ਬੋਰਡ ਦੇ ਸਮੂਹ ਡਾਇਰੈਕਟਰ/ਡਿਪਟੀ ਡਾਇਰੈਕਟਰ ।

ਸਹੀ/-
ਵਿਸੇਸ਼ ਸਕੱਤਰ ਯੋਜਨਾ

ਕਾਪੀ ਵੱਲ:

1. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਯੋਜਨਾ ।
2. ਨਿੱਜੀ ਸਹਾਇਕ/ਵਿਸੇਸ਼ ਸਕੱਤਰ ਯੋਜਨਾ ।

ਬੰਧਨ ਮੁਕਤ ਫੰਡਾਂ ਨੂੰ ਇਸਤੇਮਾਲ ਕਰਨ ਸਬੰਧੀ ਸੋਧੀਆਂ ਹੋਈਆਂ ਅਗਵਾਹੀ ਲੀਹਾਂ - 2011

ਬੰਧਨ ਮੁਕਤ ਫੰਡਾਂ ਦੀ ਧਾਰਨਾ ਸਾਲ 1988-89 ਦੌਰਾਨ ਹੰਗਾਮੀ ਕਾਰਜਾਂ ਜਿਹੜੇ ਕਿ ਆਮ ਤੌਰ ਤੇ ਜ਼ਿਲ੍ਹਾ ਪੱਧਰ ਤੇ ਵਿਕੇਂਦਰੀਕ੍ਰਿਤ ਸਕੀਮਾਂ ਅਧੀਨ ਕਵਰ ਨਹੀਂ ਹੁੰਦੇ, ਨੂੰ ਕਰਨ ਦੇ ਮੰਤਵ ਨਾਲ ਸੁਰੂ ਕੀਤੀ ਗਈ ਸੀ । ਬੰਧਨ ਮੁਕਤ ਫੰਡ ਮੁੱਖ ਤੌਰ ਤੇ ਰਹਿ ਗਏ ਖੱਪਿਆਂ (missing gaps) ਨੂੰ ਭਰਨ ਅਤੇ ਅਧੂਰੀਆਂ ਜਨ-ਉਪਯੋਗੀ ਸੰਪਤੀਆਂ/ਸੇਵਾਵਾਂ ਨੂੰ ਮੁਕੰਮਲ ਕਰਨ ਲਈ ਐਲੋਕੇਟ ਕੀਤੇ ਜਾਂਦੇ ਹਨ ।

2. ਇਨ੍ਹਾਂ ਬੰਧਨ ਮੁਕਤ ਫੰਡਾਂ ਦਾ ਇਸਤੇਮਾਲ ਕਰਨ ਸਮੇਂ ਨਿਮਨ ਲਿਖਤ ਅਗਵਾਹੀ ਲੀਹਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ :-

(ੳ) ਬੰਧਨ ਮੁਕਤ ਫੰਡਾਂ ਨਾਲ ਕੀਤੇ ਜਾਣ ਵਾਲੇ ਕਾਰਜ ਸਥਾਨਕ ਲੋੜਾਂ ਦੇ ਆਧਾਰ ਤੇ ਵਿਕਾਸ ਰੂਪ ਵਾਲੇ ਹੋਣੇ ਚਾਹੀਦੇ ਹਨ । ਜਿਆਦਾ ਤਵੱਜੋਂ ਪਹਿਲਾਂ ਤੋ ਉਸਾਰੀਆਂ ਹੋਈਆਂ ਪੂੰਜੀਗਤ ਸੰਪਤੀਆਂ ਦਾ ਕੁਸ਼ਲਤਾਪੂਰਵਕ ਇਸਤੇਮਾਲ ਕਰਕੇ ਉਤਪਾਦਿਕਤਾ ਵਧਾਉਣ ਅਤੇ ਲੋਕ ਭਲਾਈ ਦੇ ਕੰਮਾਂ ਵਿਚ ਵਾਧਾ ਕਰਨ ਵੱਲ ਦਿੱਤੀ ਜਾਵੇਗੀ ।

(ਅ) ਫੰਡਾਂ ਦਾ ਇਸਤੇਮਾਲ ਅਣ-ਵਰਤਕ ਕਿਸਮ ਦੇ ਕੰਮਾਂ ਲਈ ਅਤੇ ਪ੍ਰਤੱਖ ਸੇਵਾ ਸੁਵਿਧਾਵਾਂ ਮੁਹੱਈਆ ਕਰਵਾਉਣ ਵਾਲੇ ਅਤੇ ਆਮ ਜਨਤਾ ਨੂੰ ਲਾਭ ਪਹੁੰਚਾਉਣ ਵਾਲੇ ਕਾਰਜਾਂ ਲਈ ਕੀਤਾ ਜਾਵੇਗਾ । ਇਨ੍ਹਾਂ ਫੰਡਾਂ ਦਾ ਇਸਤੇਮਾਲ ਕਿਸੇ ਵਰਤਕ ਖਰਚੇ ਜਿਵੇ ਕਿ ਸਟਾਫ ਜਾਂ ਇਹੋ ਜਿਹੀਆਂ ਸੁਵਿਧਾਵਾਂ ਦੇ ਰੱਖ ਰੱਖਾਅ ਲਈ ਨਹੀ ਕੀਤਾ ਜਾਵੇਗਾ ।

(ੲ) ਇੱਕ ਕਾਰਜ ਦੀ ਲਾਗਤ ਵੱਧ ਤੋ ਵੱਧ 50.00 ਲੱਖ ਰੁਪਏ ਤੱਕ ਹੋਵੇਗੀ ਅਤੇ ਇਸ ਤੇ ਹੋਣ ਵਾਲੇ ਖਰਚੇ (spill over) ਨੂੰ ਅਗਾਂਹ ਪਾਉਣਾ ਆਗਿਆਯੋਗ ਨਹੀਂ ਹੋਵੇਗਾ।

(ਸ) ਜਿੱਥੋ ਤੱਕ ਕਿ ਇਨ੍ਹਾਂ ਫੰਡਾਂ ਅਧੀਨ ਤਕਨੀਕੀ ਅਤੇ ਪ੍ਰਬੰਧਕੀ ਮੰਨਜ਼ੂਰੀਆਂ ਦਾ ਸਬੰਧ ਹੈ, ਜਿਲ੍ਹਾ ਯੋਜਨਾ ਤੇ ਵਿਕਾਸ ਬੋਰਡਾਂ/ਜ਼ਿਲ੍ਹਾ ਯੋਜਨਾ ਕਮੇਟੀਆਂ ਵੱਲੋ ਲਏ ਗਏ ਫੈਸਲੇ ਅੰਤਿਮ ਹੋਣਗੇ। ਜੇਕਰ ਲੋੜ ਹੋਵੇ ਤਾਂ ਇੰਨ੍ਹਾਂ ਫੰਡਾਂ ਨਾਲ ਕਾਰਜਾਂ ਨੂੰ ਅਮਲ ਵਿੱਚ ਲਿਆਉਣ ਦੇ ਮੰਤਵ ਵਾਸਤੇ ਪੂਰੇ ਅਤੇ ਅੰਤਿਮ ਅਧਿਕਾਰ ਜ਼ਿਲ੍ਹਾ ਤਕਨੀਕੀ ਅਤੇ ਪ੍ਰਬੰਧਕੀ ਕਾਰਜ ਕਰਤਾਵਾਂ ਨੂੰ ਸੌਂਪੇ ਜਾ ਸਕਦੇ ਹਨ ।

(ਹ) ਕਾਰਜਾਂ ਵਿੱਚ ਜਨਤਕ ਹਿੱਸੇਦਾਰੀ ਲਈ ਹੌਸ਼ਲਾ ਅਫ਼ਜਾਈ ਕੀਤੀ ਜਾਵੇਗੀ । ਬੰਧਨ ਮੁਕਤ ਫੰਡਾਂ ਦੀ ਸ੍ਰੇਣੀ ਅਧੀਨ ਕਾਰਜ ਵੱਖ-ਵੱਖ ਜਿਲ੍ਹਾ ਪੱਧਰੀ ਕਾਰਜਕਾਰੀ

ਏਜੰਸੀਆਂ ਜਿਵੇ ਕਿ ਲੋਕ ਨਿਰਮਾਣ ਵਿਭਾਗ, ਪੰਚਾਇਤੀ ਰਾਜ, ਪੇਡੂ ਵਿਕਾਸ ਏਜੰਸੀ, ਗ੍ਰਾਮ ਪੰਚਾਇਤ, ਮਾਪੇ ਅਧਿਆਪਕ ਐਸੋਸੀਏਸ਼ਨ, ਗੈਰ ਸਰਕਾਰੀ ਸੰਸਥਾਵਾਂ ਆਦਿ ਵੱਲੋ ਕਰਵਾਏ ਜਾਣਗੇ। ਸਬੰਧਤ ਜਿਲ੍ਹਾ ਵਿਭਾਗਾਂ ਦੇ ਮੁੱਖੀ ਇੰਨ੍ਹਾਂ ਕਾਰਜਾਂ ਦੀ ਸੰਪੂਰਨ ਨਿਗਰਾਨੀ ਅਤੇ ਤਾਲਮੇਲ ਲਈ ਜਿੰਮੇਵਾਰ ਹੋਣਗੇ । **ਬੰਧਨ ਮੁਕਤ ਫੰਡ ਬੜੇ ਲਿਮਟਿਡ ਹੁੰਦੇ ਹਨ, ਇਸ ਕਰਕੇ ਕਾਰਜਕਾਰੀ ਏਜੰਸੀਆਂ ਵੱਲੋਂ ਵਿਭਾਗੀ ਚਾਰਜਿਜ਼ ਨਹੀਂ ਲੈਣੇ ਚਾਹੀਦੇ। ਪ੍ਰੰਤੂ ਕਿਸੇ ਵਜਾਹ ਕਰਕੇ ਜੇਕਰ ਕਿਸੇ ਕਾਰਜਕਾਰੀ ਏਜੰਸੀ ਨੂੰ ਵਿਭਾਗੀ ਖਰਚੇ ਦੇਣੇ ਪੈਦੇ ਹਨ ਤਾਂ ਵੱਧ ਤੋਂ ਵੱਧ 3% ਦਿੱਤੇ ਜਾ ਸਕਦੇ ਹਨ ।** ਇਸ ਤੋਂ ਇਲਾਵਾ ਕਾਰਜਕਾਰੀ ਏਜੰਸੀ ਆਪਣੇ ਪੂਰਵ ਕੰਮ, ਇਨ੍ਹਾਂ ਨੂੰ ਲਾਗੂ ਕਰਨ ਅਤੇ ਨਿਰੀਖਣ ਆਦਿ ਲਈ ਸੇਵਾਵਾਂ ਵਾਸਤੇ ਕੋਈ ਹੋਰ ਪ੍ਰਬੰਧਕੀ ਖਰਚੇ ਵਸੂਲ ਨਹੀਂ ਕਰਨਗੀਆਂ।

ਬੰਧਨ ਮੁਕਤ ਫੰਡਾਂ ਨਾਲ ਕੀਤੇ ਜਾ ਸਕਣ ਵਾਲੇ ਉਦਾਹਰਣ ਕਾਰਜਾਂ ਦੀ ਸੂਚੀ :-

(1) ਸਰਕਾਰੀ ਮਲਕੀਅਤ ਅਤੇ ਪ੍ਰਬੰਧ ਅਧੀਨ ਸਿੱਖਿਆ ਸੰਸਥਾਵਾਂ (ਜਿਵੇਂ ਕਿ ਆਦਰਸ਼ ਸਕੂਲ) ਵਿਚ ਵਾਧੂ ਕਮਰਿਆਂ/ਹੋਸਟਲ ਦੀ ਉਸਾਰੀ ਅਤੇ ਇਮਾਰਤਾਂ ਨੂੰ ਮੁਕੰਮਲ ਕਰਨ ਲਈ। ਸਿੱਖਿਆ ਸੰਸਥਾਵਾਂ, ਜੋ ਕਿ ਨਿੱਜੀ ਅਦਾਰਿਆਂ ਦੁਆਰਾ ਚਲਾਈਆਂ ਜਾ ਰਹੀਆਂ ਹੋਣ, ਭਾਵੇਂ ਇਹ ਸੰਸਥਾਵਾਂ 95 ਪ੍ਰਤੀਸ਼ਤ ਸਹਾਇਤਾ ਰਾਜ ਸਰਕਾਰ ਵੱਲੋ ਪ੍ਰਾਪਤ ਕਰਦੀਆਂ ਹੋਣ, ਬੰਧਨ ਮੁਕਤ ਫੰਡਾਂ ਸਕੀਮ, ਤਹਿਤ ਸ਼ਾਮਿਲ ਨਹੀਂ ਕੀਤੀਆਂ ਜਾਣਗੀਆਂ।

(2) ਸਰਕਾਰੀ ਮਲਕੀਅਤ ਅਤੇ ਪ੍ਰਬੰਧ ਅਧੀਨ ਡਾਕਟਰੀ ਸਿਹਤ ਸੰਸਥਾਵਾਂ/ਪਸੂ ਸਿਹਤ ਸੰਸਥਾਵਾਂ ਵਿਚ ਵਾਧੂ ਕਮਰਿਆਂ ਦੀ ਉਸਾਰੀ/ਇਮਾਰਤਾਂ ਨੂੰ ਮੁਕੰਮਲ ਕਰਨ ਲਈ।

(3) ਸਰਕਾਰੀ ਮਲਕੀਅਤ ਅਧੀਨ ਪਿੰਡਾਂ ਅਤੇ ਸ਼ਹਿਰਾਂ ਵਿਚ ਨਵੇਂ/ਅਧੂਰੇ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਲਈ ਜੋ ਕਿ ਬੰਧਨ ਮੁਕਤ ਫੰਡਾਂ ਵਿੱਚੋਂ ਪ੍ਰਤੀ ਪ੍ਰਜੈਕਟ 50.00 ਲੱਖ ਰੁਪਏ ਦੀ ਰਾਸ਼ੀ ਦੀ ਸੀਮਾਂ ਦੇ ਵਿੱਚ ਵਿੱਚ ਮੁਕੰਮਲ ਕੀਤੇ ਜਾ ਸਕਦੇ ਹੋਣ ।

(4) ਬਰਸਾਤੀ ਪਾਣੀ ਦੇ ਨਿਕਾਸ ਲਈ ਸੜਕਾਂ ਤੇ ਕਲਵਰਟਸ ਦੀ ਉਸਾਰੀ ਲਈ, ਫਿਰਨੀਆਂ, ਛੋਟੇ ਪੁਲ, ਮਿਸਿੰਗ ਲਿੰਕਸ (missing links) ਅਤੇ ਲਿੰਕ ਸੜਕਾਂ/ਕੱਚੀਆਂ ਸੜਕਾਂ ਦੀ ਉਸਾਰੀ ਲਈ।

(5) ਸਰਕਾਰੀ ਸਕੂਲਾਂ/ਹਸਪਤਾਲਾਂ ਆਦਿ ਵਿੱਚ ਪੀਣ ਯੋਗ ਪਾਣੀ ਤੇ ਸ਼ੌਚਾਲਿਆਂ ਦੀਆਂ ਸਹੂਲਤਾਂ ਮੁਹੱਈਆਂ ਕਰਵਾਉਣ ਲਈ।

(6) ਸ਼ਮਸ਼ਾਨਘਾਟਾਂ ਵਿਚ ਸ਼ੈਡ, ਪੀਣ ਯੋਗ ਪਾਣੀ ਦੀ ਵਿਵਸਥਾਂ ਅਤੇ ਚਾਰ ਦੀਵਾਰੀ ਦੀ ਉਸਾਰੀ ਲਈ।

(7) ਛੱਪੜਾਂ ਵਿਚੋ ਗਾਰ ਕੱਢਣ ਲਈ ਅਤੇ ਛੱਪੜਾਂ ਦੀ ਬੰਨ ਦੀਵਾਰ ਦੀ ਉਸਾਰੀ ਲਈ।

(8) ਗਲੀਆਂ ਅਤੇ ਨਾਲੀਆਂ ਦੀ ਉਸਾਰੀ ਅਤੇ ਗੰਦੇ ਪਾਣੀ ਦੀ ਨਿਕਾਸੀ ਲਈ।

(9) ਸਰਕਾਰੀ ਪ੍ਰਾਈਮਰੀ ਸਕੂਲਾਂ ਦੀ ਚਾਰਦੀਵਾਰੀ ਲਈ ਇਸ ਸ਼ਰਤ ਤੇ ਰਾਸ਼ੀ ਖਰਚ ਕੀਤੀ ਜਾ ਸਕਦੀ ਹੈ ਕਿ ਇਹ ਕੰਮ ਗਰਾਂਮ ਪੰਚਾਇਤ ਦੁਆਰਾ ਨਗਦੀ ਜਾਂ ਕੰਮ ਦੇ ਰੂਪ ਵਿਚ ਯੋਗਦਾਨ ਨਾਲ ਕੀਤਾ ਜਾਵੇਗਾ।

(10) ਜਨਤਕ ਲਾਇਬ੍ਰੇਰੀਆਂ ਅਤੇ ਪੜ੍ਹਨ ਲਈ ਕਮਰਿਆਂ ਦੀ ਉਸਾਰੀ, ਕਿਤਾਬਾਂ ਖਰੀਦਣ ਅਤੇ ਖੇਤੀਬਾੜੀ ਸਾਹਿੱਤ ਖਰੀਦਣ ਲਈ।

(11) ਸਰਕਾਰੀ ਵਿਦਿਅਕ ਸੰਸਥਾਵਾਂ/ਡਾਕਟਰੀ ਸਿਹਤ ਸੰਸਥਾਵਾਂ/ਪਸੂ ਸਿਹਤ ਸੰਸਥਾਵਾਂ ਅਤੇ ਵਿਰਸੇ ਦੀਆਂ ਹੋਰ ਇਮਾਰਤਾਂ ਜਿੰਨ੍ਹਾਂ ਨੂੰ ਕਿ ਅਸੁਰੱਖਿਅਤ ਘੋਸ਼ਿਤ ਕੀਤਾ ਗਿਆ ਹੋਵੇ, ਦੀ ਮੁਰੰਮਤ ਲਈ ਇਕ ਵਿੱਤੀ ਸਾਲ ਦੋਰਾਨ ਉਪਰੋਕਤ ਦਰਸਾਈਆਂ ਸ੍ਰੇਣੀਆਂ ਵਿਚੋਂ 5.00 ਲੱਖ ਰੁਪਏ ਤੱਕ ਪ੍ਰਤੀ ਸ੍ਰੇਣੀ ਜਰੂਰੀ ਅਤੇ ਤੁਰੰਤ ਖਰਚੇ ਲਈ।

(12) ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਨ ਲਈ ਟਿਊਬਵੈਲ ਲਗਾਉਣ ਅਤੇ ਪਾਣੀ ਦੇ ਟੈਕਾਂ ਦੀ ਉਸਾਰੀ ਲਈ।

(13) ਐਲੀਮੈਂਟਰੀ ਤੇ ਸੈਕੰਡਰੀ ਸਕੂਲਾਂ ਲਈ ਇੱਕ ਵਿਸੇਸ਼ ਕੇਸ ਵਜੋਂ ਫਰਨੀਚਰ ਦੀ ਖਰੀਦ ਲਈ ।

(14) ਉਨ੍ਹਾਂ ਪਿੰਡਾਂ ਵਿੱਚ ਸੋਲਰ ਲਾਈਟਾਂ ਲਗਾਉਣ ਲਈ, ਜਿਥੇ ਕਿ ਪੰਚਾਇਤਾਂ ਘੱਟ ਤੋ ਘੱਟ 25% ਯੋਗਦਾਨ ਪਾਉਣ ਅਤੇ ਇਨ੍ਹਾਂ ਲਾਈਟਾਂ ਦੇ ਰੱਖ ਰਖਾਓ ਲਈ ਤਿਆਰ ਹੋਣ।

(15) ਜਨਤਕ ਸੁਚਾਲਿਆਂ ਅਤੇ ਇਸਨਾਨ ਘਰਾਂ ਦੀ ਉਸਾਰੀ ਲਈ।

(16) ਕਮਜੋਰ ਵਰਗ ਦੇ ਅਨੁਸੂਚਿਤ ਜਾਤੀਆਂ/ਪਛੜੀਆਂ ਸ੍ਰੇਣੀਆਂ ਦੇ ਲੋਕਾਂ ਨੂੰ ਮਕਾਨ ਲਈ ਜ਼ਮੀਨ/ਉਸਾਰੀ/ਮੁਰੰਮਤ ਲਈ ਵਿੱਤੀ ਸਹਾਇਤਾ ਦੇਣ ਵਾਸਤੇ ।

(17) ਪੰਚਾਇਤਾਂ ਦੀ ਧੰਨ ਕਮਾਊ ਸਕੀਮ ਵਾਸਤੇ ।

(18) ਵਿਅਕਤੀਗਤ ਪਰਿਵਾਰਾਂ ਲਈ ਪਖਾਨਿਆਂ ਦੀ ਉਸਾਰੀ ।

(19) ਮਹੱਤਵਪੂਰਨ ਸਖ਼ਸੀਅਤਾਂ ਦੀ ਯਾਦ ਵਿਚ ਗੇਟਾਂ ਦੀ ਉਸਾਰੀ ।

(20) ਬਾਰ ਐਸੋਸੀਏਸ਼ਨਾਂ ਲਈ ਕਾਮਨ ਰੂਮ ਅਤੇ ਬਾਰ ਦੇ ਪੁਸਤਕਾਲਿਆ ਲਈ ।

(21) ਪੇਂਡੂ ਜਲ ਸਪਲਾਈ ਸਕੀਮਾਂ (ਵਾਟਰ ਵਰਕਸ) ਅਤੇ ਸੀਵਰੇਜ਼ ਟਰੀਟਮੈਟ ਪਲਾਂਟ ਲਈ ਪਿੰਡਾਂ ਵਿਚ ਜ਼ਮੀਨ ਖਰੀਦਣ ਲਈ ।

(22) ਪਿੰਡਾਂ ਵਿਚ ਖੇਡ ਮੈਦਾਨ, ਧਰਮਸਾਲਾਵਾਂ ਅਤੇ ਸਮਸ਼ਾਨਘਾਟਾਂ ਲਈ ਜ਼ਮੀਨ ਖਰੀਦਣ ਵਾਸਤੇ ।

(23) ਯਾਦਗਾਰੀ ਗੇਟ ਬਣਾਉਣ/ਰੈਨੋਵੇਟ ਕਰਨ ਲਈ ।

(24) ਕਿਸੇ ਵਿਕਾਸ ਦੇ ਕੰਮ ਦੀ ਪਲਾਨ ਤਿਆਰ ਕਰਨ ਲਈ ਸਰਵੇ ਕਰਵਾਉਣ ਸਬੰਧੀ।

(25) ਉਚੇਰੀ ਸਿੱਖਿਆ, ਤਕਨੀਕੀ ਸਿੱਖਿਆ, ਖੇਡਾਂ, ਮੈਡੀਕਲ ਸਿੱਖਿਆ, ਪੁਲਿਸ, ਸਿੱਖਿਆ ਅਤੇ ਸਿਹਤ ਤੇ ਪਰਿਵਾਰ ਕਲਿਆਣ ਵਿਭਾਗਾਂ ਅਧੀਨ ਆਉਂਦੇ ਕਾਲਜਾਂ ਅਤੇ ਹੋਰ ਸੰਸਥਾਵਾਂ ਸਮੇਤ ਯੂਨੀਵਰਸਿਟੀਆਂ ਵਿਚ ਬੁਨਿਆਦੀ ਢਾਂਚੇ ਦੀ ਕਰੀਏਸ਼ਨ, ਅਪਗਰੇਡੇਸ਼ਨ, ਰੱਖ ਰਖਾਓ ਵਾਸਤੇ, ਸਿਵਲ ਕੰਮਾਂ ਅਤੇ ਨਵੇਂ ਸਾਜੋ ਸਮਾਨ ਦੀ ਖਰੀਦ ਵਾਸਤੇ।

(26) ਲੋਕਲ ਬਾਡੀਜ਼/ਪੀ.ਆਰ.ਆਈਜ./ਰਜਿਸਟਰਡ ਬਾਡੀਜ ਲਈ ਸਪੋਰਟਸ ਇਕਿਊਪਮੈਂਟ ਆਦਿ ਦੀ ਖਰੀਦ ਵਾਸਤੇ।

(27) ਮਹਿਲਾਂ ਮੰਡਲਾਂ ਨੂੰ ਪਿੰਡ ਦੇ ਸਾਂਝੇ ਮਕਸਦਾਂ ਲਈ ਗਰਾਂਟ ਦੇਣ ਵਾਸਤੇ।

ਉਨ੍ਹਾਂ ਕਾਰਜਾਂ ਦੀ ਸੂਚੀ ਜਿਹੜੇ ਬੰਧਨ ਮੁਕਤ ਫੰਡਾਂ ਤਹਿਤ ਆਗਿਆਯੋਗ ਨਹੀ :-

(i) ਖਪਤ ਯੋਗ ਵਸਤੂਆਂ ਜਿਵੇ ਕਿ ਫਰਨੀਚਰ, ਏਅਰ-ਕੰਡੀਸਨਰ, ਦਫਤਰੀ/ਪ੍ਰਾਈਵੇਟ ਵਰਤੋ ਲਈ ਕੰਪਿਊਟਰ ਅਤੇ ਸੱਭਿਆਚਾਰਕ ਗਤੀਵਿਧੀਆਂ, ਸਟੇਸ਼ਨਰੀ ਦੀ ਖਰੀਦ ਆਦਿ ਲਈ।

(ii) ਸਰਕਾਰੀ ਦਫ਼ਤਰਾਂ ਦੀ ਉਸਾਰੀ, ਵਾਧਾ, ਅਦਲ-ਬਦਲ ਅਤੇ ਮੁਰੰਮਤ ਲਈ, ਸਰਕਾਰੀ ਵਿਭਾਗਾਂ/ਏਜੰਸੀਆਂ ਅਤੇ ਰਾਜ ਸਰਕਾਰ ਦੇ ਅਧਿਕਾਰੀਆਂ ਲਈ ਰਿਹਾਇਸ਼ੀ ਅਤੇ ਹੋਰ ਇਮਾਰਤਾਂ ਲਈ।

(iii) ਵਪਾਰਕ ਸੰਗਠਨਾਂ, ਨਿੱਜੀ ਸੰਗਠਨਾਂ, ਸਵੈ ਇੱਛਕ ਸੰਗਠਨਾਂ, ਧਾਰਮਿਕ ਸੰਸਥਾਵਾਂ ਨਾਲ ਸਬੰਧਤ ਕਾਰਜ।

(iv) ਪੁਰਾਣੇ ਬਿੱਲਾਂ ਦੀ ਅਦਾਇਗੀ।

Revised Guidelines regarding Utilisation of Untied Funds – 2011

The concept of untied funds was introduced in 1988-89 with the objective to carry out the works of emergent nature which are normally not covered under the schemes decentralized at the district level. These funds are mainly allocated for filling up the missing gaps and for completing the in-complete public utility assets.

2. The following guidelines may be adhered to strictly while utilizing the untied funds :-

(a) The works undertaken with the untied funds should be developmental in nature, based on the locally-felt needs. The emphasis should be towards increasing the efficiency of capital assets already created and to add to the productivity and welfare.

(b) The funds should be used for works of non-recurring nature and for the purposes such as provision of visible service support facilities and for benefit of general public. It should not include any recurring expenditure such as on staff or maintenance of such facilities.

(c) The cost of one work should be upto Rs 50.00 lakhs and no spill-over expenditure will be permissible.

(d) So far as technical and administrative sanctions under these funds are concerned, the decisions of the District Planning & Development Boards will be final. If need be for the purpose of implementation of works with these funds, full and final powers can be delegated to the district technical and administrative functionaries.

(e) Public contribution should be encouraged. The works under untied funds category would be executed by the different district level executing agencies such as PWD, Panchayati Raj, Rural Development Agency, Gram Panchayats, PTA, NGOs etc. The heads of the respective district department(s) would be responsible for the coordination and overall supervision of the works. **The Untied funds are very limited, so that the**

executing agencies should not claim any administrative charges. But if due to some reasons the administrative charges are necessary, then the maximum up to 3% can be given. Besides this, the executing agencies would not charge any administrative charges for their services of preparatory work, implementation, supervision etc. While allocating the untied funds, priority should be given to those Panchayati Raj Institutions, Urban Local Bodies and Non-Government Organizations (Regd), which are ready to make contributions from their own resources on a matching or otherwise basis.

Illustrative list of works which can be taken up with untied funds:

(i) Construction of additional rooms/hostel/completion of buildings in government owned and managed educational institutions (such as Adarsh Schools). The Educational Institutions managed by the Private Bodies even if receiving 95% aid from the Govt will not be covered under Untied Funds.

(ii) Construction of additional rooms/completion of buildings in government owned and managed Medical Health Institutions/Animal Health Institutions.

(iii) New/incomplete infrastructure projects in villages and towns owned by the Government and which can be completed within the limit of Rs 50.00 lakhs set for projects under untied funds.

(iv) Construction of culverts on roads for disposal of rain water, phirnies, small bridges, construction of missing links and link roads/kutcha roads.

(v) Providing facilities of drinking water and lavatory in Govt schools/hospitals etc.

(vi) Provision of shelter, drinking water and construction of boundary walls of the cremation grounds.

(vii) Desilting of ponds and construction of retaining wall of ponds.

(viii) Construction of streets and drains and disposal of sullage water.

(ix) Boundary wall of Govt Primary Schools with the condition to get the work executed through the Gram Panchayat with contribution in cash or kind.

(x) Construction of public libraries and reading rooms and purchase of books and literature on agriculture.

(xi) Urgent and immediate expenditure on repair of Govt Educational Institutions/Medical Health Institutions/Animal Health Institutions and other buildings of heritage, which are declared un-safe upto a maximum amount of Rs 5.00 lakhs for each of the above said categories of the buildings in a financial year.

(xii) Installation of tube-wells and construction of water tanks for providing drinking water to the people.

(xiii) Purchase of furniture for Elementary Schools and Secondary Schools as a special case.

(xiv) Installation of solar street lights in the villages, where the panchayats make atleast 25% contribution and are ready to maintain these lights.

(xv) Construction of public toilets and bathrooms.

(xvi) Financial assistance for land/construction/repair of houses belonging to Scheduled Castes/Backward Classes of weaker sections.

(xvii) For Revenue earning scheme of Panchayats.

(xviii) Construction of toilets for individual families.

(xix) Construction of Gates in the memory of important personalities.

(xx) For the common room of Bar Associations and Libraries of the Bar.

(xxi) For the purchase of land in villages for Rural Water Supply Schemes (Water Works) and Sewerage Treatment Plants.

(xxii) To purchase land in villages for Play Ground, Dharamshalas and Cremation Grounds.

(xxiii) Construction/Renovation of Memorial Gate.

(xxiv) For conducting the survey to prepare the development works plan.

(xxv) **For the creation of infrastructure, Upgradation, Maintainance and Civil Works and Purchase of new Equipments for the Colleges and other institutions including Universities under the departments of Higher Education, Technical Education, Sports, Police, Health and Family Welfare, Education and Medical Education.**

(xxvi) **For Purchase of Sports Equipments by Local Bodies/PRIs/ Registered Bodies.**

(xxvii) **Grant to Mahila Mandals for common purposes of the villages.**

<u>List of Works not permissible under the Untied Funds.</u>

(i) Consumable articles such as purchase of furniture, installation of air-conditioners, computers for official/private use and cultural activities, purchase of stationery etc.

(ii) Construction, addition, alteration or repair of office buildings, residential buildings and other buildings relating to Government Departments/Agencies and officers of the State Government.

(iii) Works belonging to commercial organizations, private institutions, voluntary organizations, religious institutions.

(iv) Payment of old bills.

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ,

ਸਮੂਹ ਡਿਪਟੀ ਕਮਿਸ਼ਨਰ-ਕਮ-ਸਕੱਤਰ,
ਜ਼ਿਲ੍ਹਾ ਯੋਜਨਾ ਕਮੇਟੀ ।

ਮੀਮੋ ਨੰ: 2/1/ਪਸਪਬ-ਖੋ.ਅ.(ਸ.ਯੋ.)-2011/979
ਮਿਤੀ: ਚੰਡੀਗੜ੍ਹ 14/2/2011

ਵਿਸ਼ਾ :- ਜ਼ਿਲ੍ਹਾ ਯੋਜਨਾ ਕਮੇਟੀਆਂ ਵੱਲੋਂ ਬੰਧਨ ਮੁਕਤ ਫੰਡਾਂ ਨੂੰ ਇਸਤੇਮਾਲ ਕਰਨ ਸਬੰਧੀ ਅਗਵਾਈ ਲੀਹਾਂ ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਯੋਜਨਾਬੰਦੀ ਵਿਭਾਗ ਵੱਲੋਂ ਜ਼ਾਰੀ ਕੀਤੇ ਮੀਮੋ ਨੰ: 2/1-ਪਸਪਬ-ਖੋ.ਅ.(ਸ.ਯੋ)-2010/633-49 ਮਿਤੀ 25/01/2010 ਦੀ ਲਗਾਤਾਰਤਾ ਵਿਚ ।

2. ਮੰਤਰੀ ਮੰਡਲ ਪੰਜਾਬ ਵਲੋਂ ਮਿਤੀ 3-1-2011 ਨੂੰ ਹੋਈ ਮੀਟਿੰਗ ਵਿਚ ਬੰਧਨ ਮੁਕਤ ਫੰਡਾਂ ਨਾਲ ਕੀਤੇ ਜਾ ਸਕਣ ਵਾਲੇ ਕਾਰਜ਼ਾਂ ਦੀ ਸੂਚੀ ਵਿਚ ਹੇਠ ਅਨੁਸਾਰ ਦਰਸਾਏ ਨਵੇਂ ਕਾਰਜ਼ਾਂ ਨੂੰ ਸ਼ਾਮਿਲ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ:-

(ੳ) ਉਚੇਰੀ ਸਿੱਖਿਆ, ਤਕਨੀਕੀ ਸਿੱਖਿਆ, ਖੇਡਾਂ, ਮੈਡੀਕਲ ਸਿੱਖਿਆ, ਪੁਲਿਸ, ਸਿੱਖਿਆ ਅਤੇ ਸਿਹਤ ਤੇ ਪਰਿਵਾਰ ਕਲਿਆਣ ਵਿਭਾਗਾਂ ਅਧੀਨ ਆਉਂਦੇ ਕਾਲਜਾਂ ਅਤੇ ਹੋਰ ਸੰਸਥਾਵਾਂ ਸਮੇਤ ਯੂਨੀਵਰਸਿਟੀਆਂ ਵਿਚ ਬੁਨਿਆਦੀ ਢਾਂਚੇ ਦੀ ਕਰੀਏਸ਼ਨ, ਅਪਗਰੇਡੇਸ਼ਨ, ਰੱਖ ਰਖਾਓ ਵਾਸਤੇ, ਸਿਵਲ ਕੰਮਾਂ ਅਤੇ ਨਵੇਂ ਸਾਜੋ ਸਮਾਨ ਦੀ ਖਰੀਦ ਵਾਸਤੇ।

(ਅ) ਲੋਕਲ ਬਾਡੀਜ਼/ਪੀ.ਆਰ.ਆਈਜ./ਰਜਿਸਟਰਡ ਬਾਡੀਜ ਲਈ ਸਪੋਰਟਸ ਇਕਿਊਪਮੈਂਟ ਆਦਿ ਦੀ ਖਰੀਦ ਵਾਸਤੇ।

(ੲ) ਮਹਿਲਾਂ ਮੰਡਲਾਂ ਨੂੰ ਪਿੰਡ ਦੇ ਸਾਂਝੇ ਮਕਸਦਾਂ ਲਈ ਗਰਾਂਟ ਦੇਣ ਵਾਸਤੇ।

3. ਕਿਉਂਕਿ ਉਪਰੋਕਤ ਵਿਭਾਗਾਂ ਦੇ ਬੁਨਿਆਦੀ ਢਾਂਚੇ ਆਦਿ ਦੇ ਕੰਮਾਂ ਲਈ ਵਿੱਤੀ ਸਾਧਨਾ ਦੀ ਘਾਟ ਹੋਣ ਕਰਕੇ ਇਨ੍ਹਾਂ ਸੰਸਥਾਵਾਂ ਲਈ ਲੋੜੀਦੀ ਪੂਰੀ ਰਾਸ਼ੀ ਨਹੀਂ ਮਿਲ ਰਹੀ ਹੈ। ਇਸ ਲਈ ਇਨ੍ਹਾਂ ਸੰਸਥਾਵਾਂ ਲਈ ਵੱਖ ਵੱਖ ਸਰੋਤਾਂ ਤੋਂ ਸਾਧਨ ਜੁਟਾਉਣ ਦੀ ਲੋੜ ਹੈ।

4. ਇਸ ਲਈ ਜਿਲ੍ਹਾ ਯੋਜਨਾ ਕਮੇਟੀਆਂ ਦੇ ਬੰਧਨ ਮੁਕਤ ਫੰਡਾਂ ਨਾਲ ਕੀਤੇ ਜਾ ਸਕਣ ਵਾਲੇ ਉਦਾਹਰਣ ਕਾਰਜਾਂ ਦੀ ਸੂਚੀ ਵਿਚ ਲੜੀ ਨੰ: 23, 24 ਅਤੇ 25 ਤੇ ਨਵੇਂ ਕਾਰਜ ਦੀਆਂ ਮੱਦਾਂ ਸ਼ਾਮਿਲ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਪਹਿਲਾਂ ਜਾਰੀ ਅਗਵਾਈ ਲੀਹਾਂ ਦੀਆਂ ਨਾ ਆਗਿਆਯੋਗ ਕਾਰਜਾਂ ਦੀ ਸੂਚੀ ਵਿਚ ਕਲਾਜ (iii) ਚਿਰ ਸਥਾਈ ਪੂੰਜੀ ਸੰਪਤੀਆਂ ਨੂੰ ਪੁਨਰ ਵਰਤੋਂ ਯੋਗ/ਅਪਗ੍ਰੇਡ ਕਰਨ ਅਤੇ ਲੋੜੀਦੀ ਵਿਸੇਸ਼ ਮੁਰੰਮਤ ਤੋ ਇਲਾਵਾ ਕਿਸੇ ਹੋਰ ਕਿਸਮ ਦੀ ਮੁਰੰਮਤ ਤੇ ਰੱਖ-ਰਖਾਓ ਦੇ ਕਾਰਜਾਂ ਆਦਿ ਅਤੇ ਕਲਾਜ (iv) ਕਲੱਬ, ਟਰੱਸਟ, ਰਜਿਸਟਰਡ ਸੁਸਾਇਟੀਆਂ ਅਤੇ ਸਹਿਕਾਰੀ ਸੰਸਥਾਵਾਂ ਆਦਿ ਨੂੰ ਹਟਾ ਦਿੱਤਾ ਗਿਆ ਹੈ ਤਾਂ ਜੋ ਉਪਰੋਕਤ ਸੋਧਾ ਨੂੰ ਇਨਬਿੰਨ ਲਾਗੂ ਕਰਨ ਵਿਚ ਕੋਈ ਮੁਸਕਲ ਪੇਸ਼ ਨਾ ਆਵੇ।

5.. ਜਿਲ੍ਹਾ ਯੋਜਨਾ ਕਮੇਟੀਆਂ ਦੇ ਬੰਧਨ ਮੁਕਤ ਫੰਡਾਂ ਦੀਆਂ ਸੋਧੀਆਂ ਅਗਵਾਹੀ ਲੀਹਾਂ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਨਾਲ ਨੱਥੀ ਕੀਤੀਆਂ ਜਾਂਦੀਆਂ ਹਨ।

ਸਹੀ/-
ਵਿਸੇਸ਼ ਸਕੱਤਰ ਯੋਜਨਾ

ਪਿੱਠ ਅੰਕਣ ਨੰ: 2/1/ਪਸਪਬ-ਖੋ.ਅ.(ਸ.ਯੋ.)-2011/980-82 ਮਿਤੀ: 14/2/2011

ਇਸ ਦੀ ਇੱਕ ਕਾਪੀ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ:-

(i) ਰਾਜ ਦੇ ਸਮੂਹ ਚੇਅਰਪਰਸਨ, ਜ਼ਿਲ੍ਹਾ ਯੋਜਨਾ ਕਮੇਟੀਆਂ ।

(ii) ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਨੂੰ ਮਾਨਯੋਗ ਮੁੱਖ-ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ।

(iii) ਵਿਸੇਸ਼ ਸਕੱਤਰ/ਵਿੱਤ ਅਤੇ ਯੋਜਨਾ ਮੰਤਰੀ ਨੂੰ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ ।

ਸਹੀ/-
ਵਿਸੇਸ਼ ਸਕੱਤਰ ਯੋਜਨਾ

ਪਿੱਠ ਅੰਕਣ ਨੰ: 2/1/ਪਸਪਬ-ਖੋ.ਅ.(ਸ.ਯੋ.)-2011/983-96 ਮਿਤੀ: 14/2/2011

ਇਸ ਦੀ ਇੱਕ ਕਾਪੀ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ :-

(i) ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ (ਯੋਜਨਾ ਨਾਲ ਸਬੰਧਤ),ਪੰਜਾਬ।
(ii) ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ ।
(iii) ਸਮੂਹ ਵਿਭਾਗਾਂ ਦੇ ਮੁੱਖੀ (ਯੋਜਨਾ ਨਾਲ ਸਬੰਧਤ) ।
(iv) ਡਾਇਰੈਕਟਰ ਖਜ਼ਾਨਾ ਅਤੇ ਲੇਖਾ, ਵਿੱਤ ਵਿਭਾਗ, ਪੰਜਾਬ ।
(v) ਡਾਇਰੈਕਟਰ ਸਪੈਸ਼ਲ ਕੰਪੋਨੈਂਟ ਸਬ ਪਲੈਨ, ਭਲਾਈ ਵਿਭਾਗ, ਚੰਡੀਗੜ੍ਹ।
(vi) ਆਰਥਿਕ ਸਲਾਹਕਾਰ, ਪੰਜਾਬ ਸਰਕਾਰ ।
(vii) ਵਿੱਤ ਵਿਭਾਗ (ਐਫ.ਈ-6 ਸ਼ਾਖਾ) ।
(viii) ਮਹਾਂਲੇਖਾਕਾਰ (ਏ.ਐਂਡ ਈ), ਪੰਜਾਬ ।
(ix) ਮਹਾਂਲੇਖਾਕਾਰ (ਆਡਿਟ), ਪੰਜਾਬ ।
(x) ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ।
(xi) ਰਾਜ ਦੇ ਸਮੂਹ ਉਪ-ਅਰਥ ਅਤੇ ਅੰਕੜਾਂ ਸਲਾਹਕਾਰ ।
(xii) ਜ਼ਿਲ੍ਹਿਆਂ ਵਿੱਚ ਸਮੂਹ ਡਿਪਟੀ ਕੰਟ੍ਰੋਲਰ (ਵਿੱਤ ਅਤੇ ਲੇਖਾ), ਅੰਦਰੂਨੀ ਆਡਿਟ ਸੰਗਠਨ (ਆਰ) ਆਦਿ ।
(xiii) ਰਾਜ ਦੇ ਸਮੂਹ ਜ਼ਿਲ੍ਹਾ ਖਜ਼ਾਨਾ ਅਫਸਰ ।
(xiv) ਪੰਜਾਬ ਰਾਜ ਯੋਜਨਾ ਬੋਰਡ ਦੇ ਸਮੂਹ ਡਾਇਰੈਕਟਰ/ਡਿਪਟੀ ਡਾਇਰੈਕਟਰ।

ਸਹੀ/-
ਵਿਸੇਸ਼ ਸਕੱਤਰ ਯੋਜਨਾ

ਕਾਪੀ ਵੱਲ:

1. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਯੋਜਨਾ ।
2. ਨਿੱਜੀ ਸਹਾਇਕ/ਵਿਸੇਸ਼ ਸਕੱਤਰ ਯੋਜਨਾ ।

ਜ਼ਿਲ੍ਹਾ ਯੋਜਨਾ ਕਮੇਟੀਆਂ ਦੀ ਡਿਸਪੋਜਲ ਤੇ ਰੱਖੇ ਗਏ ਬੰਧਨ ਮੁਕਤ ਫੰਡਾਂ ਨੂੰ ਇਸਤੇਮਾਲ ਕਰਨ ਸਬੰਧੀ ਅਗਵਾਹੀ ਲੀਹਾਂ - 2011

ਜ਼ਿਲ੍ਹਾ ਯੋਜਨਾ ਕਮੇਟੀਆਂ ਦੀ ਡਿਸਪੋਜਲ ਤੇ ਰੱਖੇ ਗਏ ਬੰਧਨ ਮੁਕਤ ਫੰਡਾਂ ਦਾ ਮੁੱਖ ਮਕਸਦ ਹੰਗਾਮੀ ਕਾਰਜਾਂ ਜਿਹੜੇ ਕਿ ਆਮ ਤੌਰ ਤੇ ਜ਼ਿਲ੍ਹਾ ਪੱਧਰ ਤੇ ਵਿਕੇਂਦਰੀਕ੍ਰਿਤ ਸਕੀਮਾਂ ਅਧੀਨ ਕਵਰ ਨਹੀਂ ਹੁੰਦੇ, ਕਰਨਾ ਹੈ । ਬੰਧਨ ਮੁਕਤ ਫੰਡ ਮੁੱਖ ਤੌਰ ਤੇ ਰਹਿ ਗਏ ਖੱਪਿਆਂ (missing gaps) ਨੂੰ ਭਰਨ ਅਤੇ ਅਧੂਰੀਆਂ ਜਨ-ਉਪਯੋਗੀ ਸੰਪਤੀਆਂ/ਸੇਵਾਵਾਂ ਨੂੰ ਮੁਕੰਮਲ ਕਰਨ ਲਈ ਰੱਖੇ ਗਏ ਹਨ ।

2. ਇਨ੍ਹਾਂ ਬੰਧਨ ਮੁਕਤ ਫੰਡਾਂ ਦਾ ਇਸਤੇਮਾਲ ਕਰਨ ਸਮੇਂ ਨਿਮਨ ਲਿਖਤ ਅਗਵਾਹੀ ਲੀਹਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ :-

(ੳ) ਬੰਧਨ ਮੁਕਤ ਫੰਡ ਜ਼ਿਲ੍ਹੇ ਦੀ ਪੇਂਡੂ ਅਤੇ ਸ਼ਹਿਰੀ ਏਰੀਏ ਦੀ ਅਬਾਦੀ ਦੇ ਅਨੁਪਾਤ ਅਨੁਸਾਰ ਸਾਰੇ ਖੇਤਰਾਂ ਵਿਚ ਖਰਚ ਕੀਤੇ ਜਾਣਗੇ ।

(ਅ) ਇਨ੍ਹਾਂ ਫੰਡਾਂ ਵਿਚੋ 1 ਪ੍ਰਤੀਸ਼ਤ ਫੰਡ ਜ਼ਿਲ੍ਹਾ ਪੱਧਰ ਤੇ ਕਮੇਟੀ ਦੇ ਮੈਂਬਰਾਂ ਸਮੇਤ ਐਕਸ ਆਫੀਸੀਓ ਮੈਂਬਰ ਅਤੇ ਲਾਇਨ ਵਿਭਾਗਾਂ ਦਾ ਸਟਾਫ ਜੋ ਕਿ ਪਲਾਨ ਪ੍ਰੋਸੈਸ ਨਾਲ ਸਬੰਧਤ ਹੈ, ਦੀ ਕਪੈਸਟੀ ਬਿਲਡਿੰਗ, ਵਰਕਸ਼ਾਪਸ, ਕਾਨਫਰੰਸਜ ਆਦਿ ਕਰਵਾਉਣ ਲਈ ਇਸਤੇਮਾਲ ਕੀਤੇ ਜਾਣਗੇ ।

(ੲ) ਇਨ੍ਹਾਂ ਫੰਡਾਂ ਨਾਲ ਕੀਤੇ ਜਾਣ ਵਾਲੇ ਕੰਮਾਂ ਦੀ ਸਨਾਖਤ ਕਰਨ ਵਿਚ ਜ਼ਿਲ੍ਹਾ ਯੋਜਨਾ ਕਮੇਟੀ ਸਮਰੱਥ ਹੋਵੇਗੀ ਅਤੇ ਇਹ ਫੰਡ ਜ਼ਿਲ੍ਹਾ ਯੋਜਨਾ ਕਮੇਟੀਆਂ ਦੁਆਰਾ ਜਾਰੀ ਕੀਤੇ ਜਾਣਗੇ । ਇਸ ਮੰਤਵ ਲਈ ਯੋਜਨਾ ਵਿਭਾਗ ਦੀ ਪ੍ਰਵਾਨਗੀ ਦੀ ਲੋੜ ਨਹੀ ਹੋਵੇਗੀ ।

(ਸ) ਬੰਧਨ ਮੁਕਤ ਫੰਡਾਂ ਨਾਲ ਕੀਤੇ ਜਾਣ ਵਾਲੇ ਕਾਰਜ ਸਥਾਨਕ ਲੋੜਾਂ ਦੇ ਆਧਾਰ ਤੇ ਵਿਕਾਸ ਰੂਪ ਵਾਲੇ ਹੋਣੇ ਚਾਹੀਦੇ ਹਨ । ਜਿਆਦਾ ਤਵੱਜੋਂ ਪਹਿਲਾਂ ਤੋ ਉਸਾਰੀਆਂ ਹੋਈਆਂ ਪੂੰਜੀਗਤ ਸੰਪਤੀਆਂ ਦਾ ਕੁਸ਼ਲਤਾਪੂਰਵਕ ਇਸਤੇਮਾਲ ਕਰਕੇ ਉਤਪਾਦਿਕਤਾ ਵਧਾਉਣ ਅਤੇ ਲੋਕ ਭਲਾਈ ਦੇ ਕੰਮਾਂ ਵਿਚ ਵਾਧਾ ਕਰਨ ਵੱਲ ਦਿੱਤੀ ਜਾਵੇਗੀ ।

(ਹ) ਫੰਡਾਂ ਦਾ ਇਸਤੇਮਾਲ ਅਣ-ਵਰਤਕ ਕਿਸਮ ਦੇ ਕੰਮਾਂ ਲਈ ਅਤੇ ਪ੍ਰਤੱਖ ਸੇਵਾ ਸੁਵਿਧਾਵਾਂ ਮੁਹੱਈਆ ਕਰਵਾਉਣ ਵਾਲੇ ਅਤੇ ਆਮ ਜਨਤਾ ਨੂੰ ਲਾਭ ਪਹੁੰਚਾਉਣ ਵਾਲੇ ਕਾਰਜਾਂ ਲਈ ਕੀਤਾ ਜਾਵੇਗਾ । ਇਨ੍ਹਾਂ ਫੰਡਾਂ ਦਾ ਇਸਤੇਮਾਲ ਕਿਸੇ ਵਰਤਕ ਖਰਚੇ ਜਿਵੇ ਕਿ ਸਟਾਫ ਜਾਂ ਇਹੋ ਜਿਹੀਆਂ ਸੁਵਿਧਾਵਾਂ ਦੇ ਰੱਖ ਰੱਖਾਅ ਲਈ ਨਹੀ ਕੀਤਾ ਜਾਵੇਗਾ ।

(ਕ) ਇੱਕ ਕਾਰਜ ਦੀ ਲਾਗਤ ਵੱਧ ਤੋ ਵੱਧ 10.00 ਲੱਖ ਰੁਪਏ ਤੱਕ ਹੋਵੇਗੀ ਅਤੇ ਇਸ ਤੇ ਹੋਣ ਵਾਲੇ ਖਰਚੇ (spill over) ਨੂੰ ਅਗਾਂਹ ਪਾਉਣਾ ਆਗਿਆਯੋਗ ਨਹੀਂ ਹੋਵੇਗਾ।

(ਖ) ਜਿੱਥੋ ਤੱਕ ਕਿ ਇਨ੍ਹਾਂ ਫੰਡਾਂ ਅਧੀਨ ਤਕਨੀਕੀ ਅਤੇ ਪ੍ਰਬੰਧਕੀ ਮੰਨਜ਼ੂਰੀਆਂ ਦਾ ਸਬੰਧ ਹੈ, ਜ਼ਿਲ੍ਹਾ ਯੋਜਨਾ ਕਮੇਟੀਆਂ ਵੱਲੋ ਲਏ ਗਏ ਫੈਸਲੇ ਅੰਤਿਮ ਹੋਣਗੇ। ਜੇਕਰ ਲੋੜ ਹੋਵੇ ਤਾਂ ਇੰਨ੍ਹਾਂ ਫੰਡਾਂ ਨਾਲ ਕਾਰਜਾਂ ਨੂੰ ਅਮਲ ਵਿੱਚ ਲਿਆਉਣ ਦੇ ਮੰਤਵ ਵਾਸਤੇ ਪੂਰੇ ਅਤੇ ਅੰਤਿਮ ਅਧਿਕਾਰ ਜਿਲ੍ਹਾ ਤਕਨੀਕੀ ਅਤੇ ਪ੍ਰਬੰਧਕੀ ਕਾਰਜ ਕਰਤਾਵਾਂ ਨੂੰ ਸੌਪੇ ਜਾ ਸਕਦੇ ਹਨ ।

(ਗ) ਕਾਰਜਾਂ ਵਿੱਚ ਜਨਤਕ ਹਿੱਸੇਦਾਰੀ ਲਈ ਹੌਸਲਾ ਅਫਜਾਈ ਕੀਤੀ ਜਾਵੇਗੀ । ਬੰਧਨ ਮੁਕਤ ਫੰਡਾਂ ਦੀ ਸ੍ਰੇਣੀ ਅਧੀਨ ਕਾਰਜ ਵੱਖ-ਵੱਖ ਜਿਲ੍ਹਾ ਪੱਧਰੀ ਕਾਰਜਕਾਰੀ ਏਜੰਸੀਆਂ ਜਿਵੇ ਕਿ ਲੋਕ ਨਿਰਮਾਣ ਵਿਭਾਗ, ਪੰਚਾਇਤੀ ਰਾਜ, ਪੇਡੂ ਵਿਕਾਸ ਏਜੰਸੀ, ਗ੍ਰਾਮ ਪੰਚਾਇਤ, ਮਿਊਸਪਲ ਕਾਰਪੋਰੇਸ਼ਨ/ਕਮੇਟੀ ਮਾਪੇ ਅਧਿਆਪਕ ਐਸੋਸੀਏਸ਼ਨ, ਗੈਰ ਸਰਕਾਰੀ ਸੰਸਥਾਵਾਂ ਆਦਿ ਵੱਲੋ ਕਰਵਾਏ ਜਾਣਗੇ । ਸਬੰਧਤ ਜਿਲ੍ਹਾ ਵਿਭਾਗਾਂ ਦੇ ਮੁੱਖੀ ਇੰਨ੍ਹਾਂ ਕਾਰਜਾਂ ਦੀ ਸੰਪੂਰਨ ਨਿਗਰਾਨੀ ਅਤੇ ਤਾਲਮੇਲ ਲਈ ਜਿੰਮੇਵਾਰ ਹੋਣਗੇ । ਬੰਧਨ ਮੁਕਤ ਫੰਡਾਂ ਸਬੰਧੀ ਕਾਰਜਾਂ ਲਈ ਕਾਰਜਕਾਰੀ ਏਜੰਸੀਆਂ ਲੋੜ ਪੈਣ ਤੇ 3% ਤੱਕ ਵਿਭਾਗੀ ਖਰਚਾ ਵਸੂਲ ਕਰ ਸਕਦੀਆਂ ਹਨ। ਇਸ ਤੋ ਇਲਾਵਾ ਆਪਣੇ ਪੂਰਵ ਕੰਮ, ਇਨ੍ਹਾਂ ਨੂੰ ਲਾਗੂ ਕਰਨ ਅਤੇ ਨਿਰੀਖਣ ਆਦਿ ਲਈ ਸੇਵਾਵਾਂ ਵਾਸਤੇ ਕੋਈ ਪ੍ਰਬੰਧਕੀ ਖਰਚੇ ਵਸੂਲ ਨਹੀ ਕਰਨਗੀਆਂ । ਬੰਧਨ ਮੁਕਤ ਫੰਡ ਐਲੋਕੇਟ ਕਰਦੇ ਸਮੇਂ ਪੰਚਾਇਤੀ ਰਾਜ ਸੰਸਥਾਵਾਂ, ਸ਼ਹਿਰੀ ਲੋਕਲ ਬਾਡੀਜ਼ ਅਤੇ ਗੈਰ ਸਰਕਾਰੀ ਸੰਸਥਾਵਾਂ (ਰਜਿਸਟਰਡ) ਜਿਹੜੀਆਂ ਕਿ ਆਪਣੇ ਸਾਧਨਾਂ ਤੋਂ ਮੈਚਿੰਗ ਜਾਂ ਦੂਸਰੇ ਆਧਾਰ ਤੇ ਯੋਗਦਾਨ ਪਾਉਣ ਲਈ ਤਿਆਰ ਹੋਣ, ਨੂੰ ਪਹਿਲ ਦਿੱਤੀ ਜਾਵੇਗੀ ।

ਬੰਧਨ ਮੁਕਤ ਫੰਡਾਂ ਨਾਲ ਕੀਤੇ ਜਾ ਸਕਣ ਵਾਲੇ ਉਦਾਹਰਣ ਕਾਰਜਾਂ ਦੀ ਸੂਚੀ :-

(1) ਸਰਕਾਰੀ ਮਲਕੀਅਤ ਅਤੇ ਪ੍ਰਬੰਧ ਅਧੀਨ ਸਿੱਖਿਆ ਸੰਸਥਾਵਾਂ (ਜਿਵੇਂ ਕਿ ਆਦਰਸ਼ ਸਕੂਲ) ਵਿਚ ਵਾਧੂ ਕਮਰਿਆਂ/ਹੌਸਟਲ ਦੀ ਉਸਾਰੀ ਅਤੇ ਇਮਾਰਤਾਂ ਨੂੰ ਮੁਕੰਮਲ ਕਰਨ ਲਈ। ਸਿੱਖਿਆ ਸੰਸਥਾਵਾਂ, ਜੋ ਕਿ ਨਿੱਜੀ ਅਦਾਰਿਆਂ ਦੁਆਰਾ ਚਲਾਈਆਂ ਜਾ ਰਹੀਆਂ ਹੋਣ, ਭਾਵੇਂ ਇਹ ਸੰਸਥਾਵਾਂ 95 ਪ੍ਰਤੀਸ਼ਤ ਸਹਾਇਤਾ ਰਾਜ ਸਰਕਾਰ ਵੱਲੋ ਪ੍ਰਾਪਤ ਕਰਦੀਆਂ ਹੋਣ, ਬੰਧਨ ਮੁਕਤ ਫੰਡਾਂ ਸਕੀਮ, ਤਹਿਤ ਸ਼ਾਮਿਲ ਨਹੀਂ ਕੀਤੀਆਂ ਜਾਣਗੀਆਂ ।

(2) ਸਰਕਾਰੀ ਮਲਕੀਅਤ ਅਤੇ ਪ੍ਰਬੰਧ ਅਧੀਨ ਡਾਕਟਰੀ ਸਿਹਤ ਸੰਸਥਾਵਾਂ/ਪਸੂ ਸਿਹਤ ਸੰਸਥਾਵਾਂ ਵਿਚ ਵਾਧੂ ਕਮਰਿਆਂ ਦੀ ਉਸਾਰੀ/ਇਮਾਰਤਾਂ ਨੂੰ ਮੁਕੰਮਲ ਕਰਨ ਲਈ।

(3) ਸਰਕਾਰੀ ਮਲਕੀਅਤ ਅਧੀਨ ਪਿੰਡਾਂ ਅਤੇ ਸ਼ਹਿਰਾਂ ਵਿਚ ਨਵੇਂ/ਅਧੂਰੇ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਲਈ ਜੋ ਕਿ ਬੰਧਨ ਮੁਕਤ ਫੰਡਾਂ ਵਿੱਚੋਂ ਪ੍ਰਤੀ ਪ੍ਰਜੈਕਟ 10.00 ਲੱਖ ਰੁਪਏ ਦੀ ਰਾਸ਼ੀ ਦੀ ਸੀਮਾਂ ਦੇ ਵਿੱਚ ਵਿੱਚ ਮੁਕੰਮਲ ਕੀਤੇ ਜਾ ਸਕਦੇ ਹੋਣ।

(4) ਬਰਸਾਤੀ ਪਾਣੀ ਦੇ ਨਿਕਾਸ ਲਈ ਸੜਕਾਂ ਤੇ ਕਲਵਰਟਸ ਦੀ ਉਸਾਰੀ ਲਈ, ਫਿਰਨੀਆਂ, ਛੋਟੇ ਪੁਲ, ਮਿਸਿੰਗ ਲਿੰਕਸ (missing links) ਅਤੇ ਲਿੰਕ ਸੜਕਾਂ/ਕੱਚੀਆਂ ਸੜਕਾਂ ਦੀ ਉਸਾਰੀ ਲਈ ।

(5) ਸਰਕਾਰੀ ਸਕੂਲਾਂ/ਹਸਪਤਾਲਾਂ ਆਦਿ ਵਿੱਚ ਪੀਣ ਯੋਗ ਪਾਣੀ ਤੇ ਸ਼ੌਚਾਲਿਆਂ ਦੀਆਂ ਸਹੂਲਤਾਂ ਮੁਹੱਈਆਂ ਕਰਵਾਉਣ ਲਈ ।

(6) ਸ਼ਮਸ਼ਾਨਘਾਟਾਂ ਵਿਚ ਸ਼ੈਡ, ਪੀਣ ਯੋਗ ਪਾਣੀ ਦੀ ਵਿਵਸਥਾਂ ਅਤੇ ਚਾਰ ਦੀਵਾਰੀ ਦੀ ਉਸਾਰੀ ਲਈ ।

(7) ਛੱਪੜਾਂ ਵਿਚੋ ਗਾਰ ਕੱਢਣ ਲਈ ਅਤੇ ਛੱਪੜਾਂ ਦੀ ਬੰਨ ਦੀਵਾਰ ਦੀ ਉਸਾਰੀ ਲਈ।

(8) ਗਲੀਆਂ ਅਤੇ ਨਾਲੀਆਂ ਦੀ ਉਸਾਰੀ ਅਤੇ ਗੰਦੇ ਪਾਣੀ ਦੀ ਨਿਕਾਸੀ ਲਈ ।

(9) ਸਰਕਾਰੀ ਪ੍ਰਾਈਮਰੀ ਸਕੂਲਾਂ ਦੀ ਚਾਰਦੀਵਾਰੀ ਲਈ ਇਸ ਸ਼ਰਤ ਤੇ ਰਾਸ਼ੀ ਖਰਚ ਕੀਤੀ ਜਾ ਸਕਦੀ ਹੈ ਕਿ ਇਹ ਕੰਮ ਗਰਾਂਮ ਪੰਚਾਇਤ/ਮਿਊਸਪਲ ਕਾਰਪੋਰੇਸ਼ਨ/ ਕਮੇਟੀ ਦੁਆਰਾ ਨਗਦੀ ਜਾਂ ਕੰਮ ਦੇ ਰੂਪ ਵਿਚ ਯੋਗਦਾਨ ਨਾਲ ਕੀਤਾ ਜਾਵੇਗਾ।

(10) ਜਨਤਕ ਲਾਇਬ੍ਰੇਰੀਆਂ ਅਤੇ ਪੜ੍ਹਨ ਲਈ ਕਮਰਿਆਂ ਦੀ ਉਸਾਰੀ, ਕਿਤਾਬਾਂ ਖਰੀਦਣ ਅਤੇ ਖੇਤੀਬਾੜੀ ਸਾਹਿੱਤ ਖਰੀਦਣ ਲਈ ।

(11) ਸਰਕਾਰੀ ਵਿਦਿਅਕ ਸੰਸਥਾਵਾਂ/ਡਾਕਟਰੀ ਸਿਹਤ ਸੰਸਥਾਵਾਂ/ਪਸੂ ਸਿਹਤ ਸੰਸਥਾਵਾਂ ਅਤੇ ਵਿਰਸੇ ਦੀਆਂ ਹੋਰ ਇਮਾਰਤਾਂ ਜਿੰਨ੍ਹਾਂ ਨੂੰ ਕਿ ਅਸੁਰੱਖਿਅਤ ਘੋਸ਼ਿਤ ਕੀਤਾ ਗਿਆ ਹੋਵੇ, ਦੀ ਮੁਰੰਮਤ ਲਈ ਇਕ ਵਿੱਤੀ ਸਾਲ ਦੌਰਾਨ ਉਪਰੋਕਤ ਦਰਸਾਈਆਂ ਸ੍ਰੇਣੀਆਂ ਵਿਚੋਂ 1.00 ਲੱਖ ਰੁਪਏ ਤੱਕ ਪ੍ਰਤੀ ਸ੍ਰੇਣੀ ਜਰੂਰੀ ਅਤੇ ਤੁਰੰਤ ਖਰਚੇ ਲਈ।

(12) ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਨ ਲਈ ਟਿਊਬਵੈਲ ਲਗਾਉਣ ਅਤੇ ਪਾਣੀ ਦੇ ਟੈਕਾਂ ਦੀ ਉਸਾਰੀ ਲਈ ।

(13) ਐਲੀਮੈਂਟਰੀ ਤੇ ਸੈਕੰਡਰੀ ਸਕੂਲਾਂ ਲਈ ਇੱਕ ਵਿਸੇਸ਼ ਕੇਸ ਵਜੋਂ ਫਰਨੀਚਰ ਦੀ ਖਰੀਦ ਲਈ ।

(14) ਉਨ੍ਹਾਂ ਪਿੰਡਾਂ ਵਿੱਚ ਸੋਲਰ ਲਾਈਟਾਂ ਲਗਾਉਣ ਲਈ, ਜਿਥੇ ਕਿ ਪੰਚਾਇਤਾਂ ਘੱਟ ਤੋ ਘੱਟ 25% ਯੋਗਦਾਨ ਪਾਉਣ ਅਤੇ ਇਨ੍ਹਾਂ ਲਾਈਟਾਂ ਦੇ ਰੱਖ ਰਖਾਓ ਲਈ ਤਿਆਰ ਹੋਣ ।

(15) ਜਨਤਕ ਸੁਚਾਲਿਆਂ ਅਤੇ ਇਸਨਾਨ ਘਰਾਂ ਦੀ ਉਸਾਰੀ ਲਈ ।

(16) ਖੁੱਲੇ/ਇੰਨਡੋਰ ਸਟੇਡੀਅਮ/ਆਡੀਟੋਰੀਅਮ ਦੀ ਉਸਾਰੀ ।

(17) ਆਂਗਨਵਾੜੀ ਕੇਂਦਰ ਦੀ ਉਸਾਰੀ ।

(18) ਕਮਿਊਨਿਟੀ ਸੈਂਟਰਾਂ ਦੀ ਉਸਾਰੀ ।

(19) ਖੇਡ ਮੈਦਾਨਾਂ ਦਾ ਵਿਕਾਸ ।

(20) ਬਿਰਧ/ਅੰਗਹੀਣਾਂ ਲਈ ਸਾਂਝੇ ਸੈਲਟਰ ਦੀ ਉਸਾਰੀ ।

(21) ਖੇਡਾਂ/ਬਹੁ ਜਿੰਮ ਸਹੂਲਤਾਂ ।

(22) ਸਟਰੀਟ ਲਾਈਟ ਅਤੇ ਅਰਬਨ ਕੁਨੈਕਟਿਵਿਟੀ ।

(23) ਉਚੇਰੀ ਸਿੱਖਿਆ, ਤਕਨੀਕੀ ਸਿੱਖਿਆ, ਖੇਡਾਂ, ਮੈਡੀਕਲ ਸਿੱਖਿਆ, ਪੁਲਿਸ, ਸਿੱਖਿਆ ਅਤੇ ਸਿਹਤ ਤੇ ਪਰਿਵਾਰ ਕਲਿਆਣ ਵਿਭਾਗਾਂ ਅਧੀਨ ਆਉਂਦੇ ਕਾਲਜਾਂ ਅਤੇ ਹੋਰ ਸੰਸਥਾਵਾਂ ਸਮੇਤ ਯੂਨੀਵਰਸਿਟੀਆਂ ਵਿਚ ਬੁਨਿਆਦੀ ਢਾਂਚੇ ਦੀ ਕਰੀਏਸ਼ਨ, ਅਪਗਰੇਡੇਸ਼ਨ, ਰੱਖ ਰਖਾਓ ਵਾਸਤੇ, ਸਿਵਲ ਕੰਮਾਂ ਅਤੇ ਨਵੇਂ ਸਾਜੋ ਸਮਾਨ ਦੀ ਖਰੀਦ ਵਾਸਤੇ।

(24) ਲੋਕਲ ਬਾਡੀਜ਼/ਪੀ.ਆਰ.ਆਈਜ./ਰਜਿਸਟਰਡ ਬਾਡੀਜ ਲਈ ਸਪੋਰਟਸ ਇਕਿਊਪਮੈਂਟ ਆਦਿ ਦੀ ਖਰੀਦ ਵਾਸਤੇ।

(25) ਮਹਿਲਾਂ ਮੰਡਲਾਂ ਨੂੰ ਪਿੰਡ ਦੇ ਸਾਂਝੇ ਮਕਸਦਾਂ ਲਈ ਗਰਾਂਟ ਦੇਣ ਵਾਸਤੇ।

ਉਨ੍ਹਾਂ ਕਾਰਜਾਂ ਦੀ ਸੂਚੀ ਜਿਹੜੇ ਬੰਧਨ ਮੁਕਤ ਫੰਡਾਂ ਤਹਿਤ ਆਗਿਆਯੋਗ ਨਹੀ :-

(i) ਖਪਤ ਯੋਗ ਵਸਤੂਆਂ ਜਿਵੇ ਕਿ ਫਰਨੀਚਰ, ਏਅਰ-ਕੰਡੀਸਨਰ, ਦਫਤਰੀ/ਪ੍ਰਾਈਵੇਟ ਵਰਤੋ ਲਈ ਕੰਪਿਊਟਰ ਅਤੇ ਸੱਭਿਆਚਾਰਕ ਗਤੀਵਿਧੀਆਂ, ਸਟੇਸ਼ਨਰੀ ਦੀ ਖਰੀਦ ਆਦਿ ਲਈ ।

(ii) ਸਰਕਾਰੀ ਦਫ਼ਤਰਾਂ ਦੀ ਉਸਾਰੀ, ਵਾਧਾ, ਅਦਲ-ਬਦਲ ਅਤੇ ਮੁਰੰਮਤ ਲਈ, ਸਰਕਾਰੀ ਵਿਭਾਗਾਂ/ਏਜੰਸੀਆਂ ਅਤੇ ਰਾਜ ਸਰਕਾਰ ਦੇ ਅਧਿਕਾਰੀਆਂ ਲਈ ਰਿਹਾਇਸ਼ੀ ਅਤੇ ਹੋਰ ਇਮਾਰਤਾਂ ਲਈ ।

(iii) ਵਪਾਰਕ ਸੰਗਠਨਾਂ, ਨਿੱਜੀ ਸੰਗਠਨਾਂ, ਸਵੈ ਇੱਛਕ ਸੰਗਠਨਾਂ, ਧਾਰਮਿਕ ਸੰਸਥਾਵਾਂ ਨਾਲ ਸਬੰਧਤ ਕਾਰਜ ।

(iv) ਪੁਰਾਣੇ ਬਿੱਲਾਂ ਦੀ ਅਦਾਇਗੀ ।

ਨੰ: 2/1-ਪਸਪਬ-ਖੋ.ਅ(ਸ.ਯੋ.)-2011/5084

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ,

ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ

ਮਿਤੀ: ਚੰਡੀਗੜ੍ਹ 21/6/2011

ਵਿਸ਼ਾ :- ਜ਼ਿਲ੍ਹਾ ਯੋਜਨਾ ਕਮੇਟੀਆਂ ਨੂੰ ਕੰਮ-ਕਾਜ ਸਬੰਧੀ ਪੂਰਨ ਸਹਿਯੋਗ ਦੇਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਇਸ ਵਿਭਾਗ ਦੇ ਮੀਮੋ ਨੰ: 2/1-ਪਸਪਬ-ਖੋ.ਅ(ਸ.ਯੋ.)-2010 6852-6853 ਮਿਤੀ 23/6/2010 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2. ਸੰਵਿਧਾਨ ਦੀ 74ਵੀਂ ਸੋਧ ਦੀ ਧਾਰਾ 243 ਜੈਡ ਡੀ ਦੇ ਅਨੁਸਾਰ ਰਾਜ ਦੀਆਂ ਸਮੂਹ ਜ਼ਿਲ੍ਹਾ ਯੋਜਨਾ ਕਮੇਟੀਆਂ ਦਾ ਗਠਨ ਕਰਦੇ ਹੋਏ ਚੇਅਰਪਰਸਨ ਨਿਯੁਕਤ ਕੀਤੇ ਜਾ ਚੁੱਕੇ ਹਨ। ਉਪਰੋਕਤ ਪੱਤਰ ਰਾਹੀਂ ਮੁੱਖ ਸਕੱਤਰ, ਪੰਜਾਬ ਜੀ ਵੱਲੋਂ ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰਾਂ ਨੂੰ ਆਦੇਸ਼ ਦਿੱਤੇ ਗਏ ਸਨ ਕਿ ਉਹ ਆਪਣੇ ਅਧੀਨ ਵਿਭਾਗਾਂ ਦੇ ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਨੂੰ ਹਦਾਇਤ ਕਰਨ ਕਿ ਜ਼ਿਲ੍ਹਾ ਯੋਜਨਾ ਕਮੇਟੀਆਂ ਨੂੰ ਵਿਕਾਸ ਕਾਰਜਾਂ/ਪ੍ਰੋਗਰਾਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਪੂਰਨ ਸਹਿਯੋਗ ਯਕੀਨੀ ਬਣਾਇਆ ਜਾਵੇ **(ਕਾਪੀ ਨਾਲ ਨੱਥੀ ਹੈ)**।

3. ਇਸ ਲਈ ਆਪ ਜੀ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਆਪਣੇ ਅਧੀਨ ਵਿਭਾਗਾਂ ਦੇ ਜ਼ਿਲ੍ਹਾ ਪੱਧਰ ਤੇ ਤੈਨਾਤ ਅਧਿਕਾਰੀਆਂ/ਕਰਮਚਾਰੀਆਂ ਨੂੰ ਤੁਰੰਤ ਹਦਾਇਤ ਕੀਤੀ ਜਾਵੇ ਕਿ ਉਹ ਜ਼ਿਲ੍ਹਾ ਯੋਜਨਾ ਕਮੇਟੀਆਂ ਨੂੰ ਵਿਕਾਸ ਕਾਰਜਾਂ ਸਬੰਧੀ ਸਕੀਮਾਂ/ਪ੍ਰੋਗਰਾਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਭਰਪੂਰ ਸਹਿਯੋਗ ਦੇਣਾ ਯਕੀਨੀ ਬਣਾਇਆ ਜਾਵੇ ਅਤੇ ਮੰਗੀ ਜਾਂਦੀ ਲੋੜੀਦੀ ਸੂਚਨਾ ਸਮੇਂ ਸਿਰ ਮੁਹੱਈਆ ਕਰਵਾਈ ਜਾਵੇ ।

ਸਹੀ/-
ਡਾਇਰੈਕਟਰ ਯੋਜਨਾ

ਪਿੱਠ ਅੰਕਣ ਨੰ: 2/1-ਪਸਪਬ-ਖੋ.ਅ.(ਸ.ਯੋ.)-2011/5085 ਮਿਤੀ: 21/6/2011

ਉਪਰੋਕਤ ਦਾ ਉਤਾਰਾ ਸਮੂਹ ਵਿਭਾਗਾਂ ਦੇ ਮੁੱਖੀ ਅਤੇ ਸਮੂਹ ਡਿਪਟੀ ਕਮਿਸ਼ਨਰ-ਕਮ-ਸਕੱਤਰ, ਜ਼ਿਲ੍ਹਾ ਯੋਜਨਾ ਕਮੇਟੀ ਨੂੰ ਇੰਨ-ਬਿੰਨ ਪਾਲਣਾ ਕਰਨ ਲਈ ਭੇਜਿਆ ਜਾਂਦਾ ਹੈ ।

ਸਹੀ/-
ਡਾਇਰੈਕਟਰ ਯੋਜਨਾ

ਪਿੱਠ ਅੰਕਣ ਨੰ: 2/1-ਪਸਪਬ-ਖੋ.ਅ.(ਸ.ਯੋ.)-2011/5086 ਮਿਤੀ: 21/6/2011

ਉਪਰੋਕਤ ਦਾ ਇੱਕ ਉਤਾਰਾ ਸਮੂਹ ਚੇਅਰਪਰਸਨ, ਜ਼ਿਲ੍ਹਾ ਯੋਜਨਾ ਕਮੇਟੀਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਸਹੀ/-
ਡਾਇਰੈਕਟਰ ਯੋਜਨਾ

ਨੰ: 2/1-ਪਸਪਬ-ਖੋ.ਅ(ਸ.ਯੋ.)-2010/6852

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਵੱਲੋਂ

ਮੁੱਖ ਸਕੱਤਰ,
ਪੰਜਾਬ ਸਰਕਾਰ ।

ਵੱਲ

ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ,

ਮਿਤੀ: ਚੰਡੀਗੜ੍ਹ 23/6/2010

ਵਿਸ਼ਾ :- **ਜ਼ਿਲ੍ਹਾ ਯੋਜਨਾ ਕਮੇਟੀਆਂ ਨੂੰ ਕੰਮ-ਕਾਜ ਸਬੰਧੀ ਪੂਰਨ ਸਹਿਯੋਗ ਦੇਣ ਬਾਰੇ ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ।

2. ਸੰਵਿਧਾਨ ਦੀ 74ਵੀਂ ਸੋਧ ਦੀ ਧਾਰਾ 243 ਜੈਡ ਡੀ ਦੇ ਅਨੁਸਾਰ ਰਾਜ ਦੀਆਂ ਸਮੂਹ ਜ਼ਿਲ੍ਹਾ ਯੋਜਨਾ ਕਮੇਟੀਆਂ ਦਾ ਗਠਨ ਕਰਦੇ ਹੋਏ ਚੇਅਰਕਰਸਨ ਨਿਯੁਕਤ ਕੀਤੇ ਜਾ ਚੁੱਕੇ ਹਨ । ਜ਼ਿਲ੍ਹਾ ਯੋਜਨਾ ਕਮੇਟੀਆਂ ਵੱਲੋਂ ਜ਼ਿਲ੍ਹੇ ਵਿਚ ਵਿਕਾਸ ਦੇ ਕੰਮਾਂ ਨੂੰ ਅਮਲੀ-ਜਾਮਾਂ ਦੇਣ ਲਈ ਮਹਾਂਤਮਾਂ ਗਾਂਧੀ ਰਾਜ ਲੋਕ ਪ੍ਰਸਾਸ਼ਨ ਸੰਸਥਾਨ, ਪੰਜਾਬ ਵਿਚ ਮਿਤੀ 8 ਅਤੇ 9, ਜੂਨ, 2010 ਨੂੰ ਰਾਜ ਦੇ ਸਮੂਹ ਜ਼ਿਲ੍ਹਾ ਯੋਜਨਾ ਕਮੇਟੀਆਂ ਦੇ ਚੇਅਰਪਰਸ਼ਨ ਅਤੇ ਸਬੰਧਤ ਡਿਪਟੀ ਕਮਿਸ਼ਨਰ-ਕਮ-ਸਕੱਤਰ, ਜ਼ਿਲ੍ਹਾ ਯੋਜਨਾ ਕਮੇਟੀ ਦੀ ਕਾਨਫਰੰਸ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਸੀ। ਪ੍ਰੰਤੂ ਵੱਖ-ਵੱਖ ਜ਼ਿਲ੍ਹਾ ਯੋਜਨਾ ਕਮੇਟੀਆਂ ਦੇ ਚੇਅਰਪਰਸਨਾਂ ਵੱਲੋਂ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਮੁੱਖ ਤੌਰ ਤੇ ਇਹ ਦੱਸਿਆ ਗਿਆ ਹੈ ਕਿ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਪੱਧਰ ਤੇ ਤੈਨਾਤ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਜ਼ਿਲ੍ਹਾ ਯੋਜਨਾ ਕਮੇਟੀਆਂ ਨੂੰ ਵਿਕਾਸ ਕਾਰਜਾਂ ਸਬੰਧੀ ਵੱਖ-ਵੱਖ ਸਕੀਮਾਂ/ਪ੍ਰੋਗਰਾਮਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਪੂਰਨ ਸਹਿਯੋਗ ਨਹੀਂ ਦਿੱਤਾ ਜਾਦਾਂ ਅਤੇ ਨਾਂ ਹੀ ਲੋੜੀਦੀ ਸੂਚਨਾਂ ਮੁਹੱਈਆ ਕਰਵਾਈ ਜਾਂਦੀ ਹੈ । ਜਿਸ ਕਰਕੇ ਜ਼ਿਲ੍ਹਾ ਯੋਜਨਾ ਕਮੇਟੀਆਂ ਨੂੰ ਆਪਣਾ ਕੰਮ-ਕਾਜ ਸੰਚਾਰੂ ਅਤੇ ਅਸਰਦਾਰ ਢੰਗ ਨਾਲ ਲਾਗੂ ਕਰਨ ਵਿਚ ਬਹੁਤ ਦਿਕਤ ਪੇਸ਼ ਆ ਰਹੀ ਹੈ। ਜਿਸ ਨੂੰ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ,

ਪੰਜਾਬ ਜੀ ਵੱਲੋਂ ਬਹੁਤ ਹੀ ਗੰਭੀਰਤਾ ਨਾਲ ਲਿਆ ਗਿਆ ਹੈ ਅਤੇ ਇਸ ਸਬੰਧੀ ਤੁਰੰਤ ਲੋੜੀਦੇ ਆਦੇਸ਼ ਜਾਰੀ ਕਰਨ ਦੇ ਹੁਕਮ ਕੀਤੇ ਹਨ ।

3. ਇਸ ਲਈ ਆਪਣੇ ਅਧੀਨ ਵਿਭਾਗਾਂ ਦੇ ਜ਼ਿਲ੍ਹਾ ਪੱਧਰ ਤੇ ਤੈਨਾਤ ਅਧਿਕਾਰੀਆਂ/ਕਰਮਚਾਰੀਆਂ ਨੂੰ ਤੁਰੰਤ ਹਦਾਇਤ ਕੀਤੀ ਜਾਵੇ ਕਿ ਅੱਗੇ ਤੋਂ ਉਹ ਜ਼ਿਲ੍ਹਾ ਯੋਜਨਾ ਕਮੇਟੀਆਂ ਨੂੰ ਵਿਕਾਸ ਕਾਰਜਾਂ ਸਬੰਧੀ ਸਕੀਮਾਂ/ਪ੍ਰੋਗਰਾਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਭਰਪੂਰ ਸਹਿਯੋਗ ਦੇਣਾ ਯਕੀਨੀ ਬਣਾਇਆ ਜਾਵੇ ਅਤੇ ਮੰਗੀ ਜਾਂਦੀ ਲੋੜੀਦੀ ਸੂਚਨਾ ਸਮੇਂ ਸਿਰ ਮੁਹੱਈਆ ਕਰਵਾਈ ਜਾਵੇ ।

ਸਹੀ/-
ਮੁੱਖ ਸਕੱਤਰ

ਪਿੱਠ ਅੰਕਣ ਨੰ: 2/1-ਪਸਪਬ-ਖੋ.ਅ.(ਸ.ਯੋ.)-2010/6853 ਮਿਤੀ: 23/6/2010

ਉਪਰੋਕਤ ਦਾ ਉਤਾਰਾ ਸਮੂਹ ਵਿਭਾਗਾਂ ਦੇ ਮੁੱਖੀ ਅਤੇ ਸਮੂਹ ਡਿਪਟੀ ਕਮਿਸ਼ਨਰ-ਕਮ-ਸਕੱਤਰ, ਜ਼ਿਲ੍ਹਾ ਯੋਜਨਾ ਕਮੇਟੀ ਨੂੰ ਇੰਨ-ਬਿੰਨ ਪਾਲਣਾ ਕਰਨ ਲਈ ਭੇਜਿਆ ਜਾਂਦਾ ਹੈ ।

ਸਹੀ/-
ਮੁੱਖ ਸਕੱਤਰ